ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

...ਤਿਨ ਕਉ ਕ੍ਰਿਪਾ ਭਈ ਹੈ ਅਪਾਰ॥



ਗੁਰਮਤਿ ਅਤੇ ਗੁਰਬਾਣੀ ਗਿਆਨ ਦੇ ਮਹਾਨ ਵਿਦਵਾਨ, ਗੁਰੂ ਚਰਨਾ ਦੇ ਪ੍ਰੀਤਵਾਨ ਅਤੇ ਸਿਦਕੀ ਸਿੱਖ-


ਮਾਸਟਰ ਦਰਸ਼ਨ ਸਿੰਘ ਜੀ

(1941-2019 ਈ:)

ਸ੍ਰੀ ਭੈਣੀ ਸਾਹਿਬ, ਲੁਧਿਆਣਾ (ਪੰਜਾਬ) 141126



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਮਾ.
ਦਰਸ਼ਨ ਸਿੰਘ ਜੀ, ਪੰ. ਸ਼ਿਵਜੀ ਉਪਾਦਿਯ ਜੀ,
ਪੰ. ਗੋਪਾਲ ਸਿੰਘ ਜੀ ਅਤੇ ਗੁਰਦੇਵ ਸਿੰਘ।



ਪੁਰਾਤਨ ਹਸਤ ਲਿਖਤ ਬੀੜ ਤੋਂ ਮਾ. ਦਰਸ਼ਨ ਸਿੰਘ ਜੀ
ਪਾਠ ਕਰਦੇ ਹੋਏ।

ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

30 ਅਪ੍ਰੈਲ 2018 **ਸਥਾਨ- ਸੰਤ ਨਗਰ**

ਨੋਟ: ਇਹ ਉਪਦੇਸ਼ ਸ੍ਰੀ ਸਤਿਗੁਰੂ ਜੀ ਨੇ ਮਾਸਟਰ ਦਰਸ਼ਨ ਸਿੰਘ ਜੀ ਦੇ ਲੜਕੇ (ਹਰਦੀਪ ਸਿੰਘ) ਦੇ ਭੋਗ ਸਮੇਂ ਦਿੱਤਾ।

ਇਕ ਵਾਰੀ ਸਾਰੇ ਬੜੇ ਪ੍ਰੇਮ ਨਾਲ ਯਾਦ ਕਰਕੇ ਆਖੀਏ-
ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ॥....

ਮਾਸਟਰ ਜੀ ਦੇ ਲੜਕੇ (ਹਰਦੀਪ ਸਿੰਘ), ਉਸ ਬੱਚੇ ਨੂੰ ਅਸੀਂ ਨੌਜੁਆਨ ਹੀ ਆਖਾਂਗੇ, ਮਾਸਟਰ ਜੀ ਦੀ ਸੇਹਤ ਅਜੇ ਕਿੰਨੀ ਚੰਗੀ ਹੈ। ਉਹ ਬੱਚਾ ਜਿਸ ਤਰ੍ਹਾਂ ਵਿਛੋੜਾ ਦੇ ਗਿਆ ਹੈ, ਮੈਂ ਸਮਝਦਾ ਹਾਂ, ਮਾਸਟਰ ਜੀ ਤੇ ਕਿਰਪਾ ਹੈ। ਉਨ੍ਹਾਂ ਨੇ ਪਤਾ ਨਹੀਂ ਕਿੰਨੇ ਕੁ ਪਾਠ ਕੀਤੇ ਨੇ, ਕਿੰਨੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਉਨ੍ਹਾਂ ਤੇ ਕਿਰਪਾ ਕੀਤੀ ਹੈ, ਕਿੰਨਾ ਨਾਮ ਜਪਿਆ ਹੈ, ਕਿੰਨਿਆਂ ਨੂੰ ਪਾਠ ਸਿਖਾਏ ਨੇ। ਉਸ ਦਿਨ ਵੀ ਜਦੋਂ ਕਾਕੇ ਦੇ ਝੜਾਈ ਕਰਨ ਬਾਰੇ ਪਤਾ ਲੱਗਿਆ, ਗੁਰੂਸਰ ਤੋਂ ਮੈਂ ਏਥੇ ਹੋ ਕੇ ਗਿਆ ਸਾਂ, ਮਾਸਟਰ ਜੀ ਦੀ ਅਵਸਥਾ ਕਿੰਨੀ ਸਹਿਜ ਸੀ। ਮਾਸਟਰ ਜੀ ਦੇ ਚਿਹਰੇ ਵਲ ਵੇਖ ਕੇ ਕੋਈ ਕਹਿ ਹੀ ਨਹੀਂ ਸੀ ਸਕਦਾ ਕਿ ਇਹ ਉਹ ਨੇ ਜਿਨ੍ਹਾਂ ਦਾ ਬੇਟਾ ਚੜ੍ਹਾਈ ਕੀਤਾ ਹੈ। ਆਪਾਂ ਕਿਸੇ ਦੇ ਗੁਣ ਵੇਖੀਏ, ਨੁਕਸ ਵੇਖਣ ਲੱਗੀਏ ਤਾਂ ਅਸੀਂ ਬੜੇ ਲੱਭ ਲੈਂਦੇ ਹਾਂ।

ਇਹ ਵੇਖ ਕੇ ਅਸੀਂ ਆਪਣੇ ਹਿਰਦੇ ਤੇ ਹੱਥ ਰੱਖ ਕੇ ਵੇਖੀਏ ਕਿ ਅਜੇਹਾ ਭਾਣਾ ਸਾਡੇ ਨਾਲ ਵਾਪਰਿਆ ਹੋਵੇ ਤਾਂ ਕੀ ਅਸੀਂ ਸਾਬਤ ਰਹਿ ਸਕਦੇ ਹਾਂ। ਮਾਸਟਰ ਜੀ ਦੇ ਚਿਹਰੇ ਤੇ ਕੋਈ ਸ਼ਿਕਨ ਨਹੀਂ ਸੀ। ਤੁਸੀਂ ਭਾਵੇਂ ਕੱਲ ਨੂੰ

ਭੋਗ ਪਾ ਦਿਉ, ਭਾਂਵੇਂ ਪਰਸੋਂ ਪਾ ਦਇਓ। ਚੰਗਾ ਹੋਵੇਗਾ ਜੇ ਤੁਸੀਂ ਆ ਜਾਓ। ਮੈਂ ਆਖਿਆ ਚਲੋ ਪੰਜ ਸੱਤ ਦਿਨ ਬਾਅਦ ਪਾ ਲੈਂਦੇ ਹਾਂ। ਕਹਿਣ ਲੱਗੇ ਉਨ੍ਹੇਂ ਦਿਨ ਘਰ ਵਿਚ ਸੋਗ ਜਿਹਾ ਲੱਗਾ ਰਹਿੰਦਾ ਹੈ, ਚੰਗੀ ਗਲ ਸੀ ਛੇਤੀ ਪਾ ਲੈਂਦੇ, ਚਲੋ ਜਦੋਂ ਰਜਾ ਹੈ, ਉਦੋਂ ਭੋਗ ਪਾ ਦਿਉ। ਉਨ੍ਹਾਂ ਦੇ ਚਿਹਰੇ ਤੇ ਕੋਈ ਸ਼ਿਕਨ ਵਾਲੀ ਗਲ ਨਹੀਂ ਲੱਗੀ ਇਹ ਸਿੱਖੀ ਹੈ। ਦੁਖ-ਸੁਖ ਵਿਚ ਇੱਕੋ ਜਿਹਾ ਰਹਿਣਾ ਸਿਖਾਉਂਦੀ ਹੈ। ਨਹੀਂ ਤੇ ਦੁੱਖ-ਸੁੱਖ ਤੇ ਆਉਂਦੇ ਹੀ ਰਹਿੰਦੇ ਨੇ, ਕਦੇ ਮਾਇਆ ਆ ਜਾਂਦੀ ਹੈ, ਉਦੋਂ ਹੱਸਣ ਲੱਗ ਜਾਈਦਾ ਹੈ। ਜਦੋਂ ਚਲੀ ਜਾਂਦੀ ਹੈ, ਉਦੋਂ ਰੋਣ ਲੱਗ ਜਾਈਦਾ ਹੈ। ਨਵਾਂ ਜੀਅ ਆ ਜਾਂਦਾ ਹੈ, ਖੁਸ਼ੀਆਂ ਹੋ ਜਾਂਦੀਆਂ ਨੇ, ਵਿਆਹ ਹੋ ਜਾਂਦਾ ਹੈ, ਪਾਰਟੀਆਂ ਹੋ ਜਾਂਦੀਆਂ ਨੇ, ਅਗਲੇ ਦਿਨ ਕੋਈ ਮਰ ਜਾਂਦਾ ਹੈ ਤਾਂ ਰੋਣ ਲੱਗ ਜਾਈਦਾ ਹੈ। ਇਹ ਜੇਹੜੀ ਅਵਸਥਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰਕੇ ਮਾਸਟਰ ਜੀ ਨੂੰ ਬਖਸ਼ੀ ਹੈ, ਉਹ ਦੋਹਾਂ ਹਲਾਤਾਂ ਵਿਚ ਸੁਖੀ ਰਹੇ ਨੇ। ਸੱਚੇ ਪਾਤਸ਼ਾਹ ਉਹ ਕਿਰਪਾ ਸਾਡੇ ਤੇ ਵੀ ਕਰਨ ਅਸੀਂ ਦੁੱਖ-ਸੁੱਖ ਵਿਚ ਇਕੋ ਜਿਹੇ ਰਹਿ ਸਕੀਏ। ਇਸ ਕਾਕੇ (ਹਰਦੀਪ ਸਿੰਘ) ਦੇ ਇਕ ਬੇਟਾ ਤੇ ਇਕ ਬੇਟੀ ਹੈ। ਮੇਰੀ ਖਾਸ ਕਰਕੇ ਇਸ ਬੇਟੇ ਤੇ ਬੇਟੀ ਨੂੰ ਇਹ ਬੇਨਤੀ ਹੈ ਕਿ ਤੁਹਾਡੇ ਪਿਤਾ ਨੂੰ ਤੁਹਾਡੀ ਸਭ ਤੋਂ ਵੱਡੀ ਸ਼ਰਧਾਂਜਲੀ ਇਹ ਹੋਵੇਗੀ ਕਿ ਤੁਸੀਂ ਆਪਣਾ ਸਿੱਖੀ ਸਰੂਪ ਠੀਕ ਕਰੋ। ਤੁਸੀਂ ਚੰਗੇ ਗੁਰ-ਸਿੱਖ ਬਣ ਕੇ ਰਹੋ।ਤੁਸੀਂ ਟੋਰਾਂਟੋ ਰਹੋ, ਸੰਤ ਨਗਰ ਰਹੋ, ਜਿੱਥੇ ਵੀ ਰਹੋ ਵਧੀਆ ਗੁਰ ਸਿੱਖ ਬਣ ਕੇ ਰਹੋ। ਜੇ ਤੁਸੀਂ ਚੰਗ ਗੁਰ-ਸਿੱਖ ਬਣ ਕੇ ਰਹੋਗੇ ਤਾਂ ਮਾਸਟਰ ਜੀ ਵਾਂਗ ਹਰ ਹਾਲਾਤ ਵਿਚ ਖੁਸ਼ ਰਹੋਗੇ। ਨਹੀਂ ਤੇ ਮਾਇਆ ਆਉਂਦੀ ਵੀ ਦੁੱਖ ਦੇਂਦੀ ਹੈ ਤੇ ਜਾਂਦੀ ਵੀ ਦੁੱਖ ਦੇਂਦੀ ਹੈ। ਸੱਚੇ ਪਾਤਸ਼ਾਹ ਸਾਡੇ ਤੇ ਵੀ ਕਿਰਪਾ ਕਰਨ ਏਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ

ਸ਼ੁੱਧ ਗੁਰਬਾਣੀ ਪਾਠ ਦੇ ਪ੍ਰਤੀਮਾਨ–
ਮਾਸਟਰ ਦਰਸ਼ਨ ਸਿੰਘ ਜੀ

–ਸੁਵਰਨ ਸਿੰਘ ਵਿਰਕ

ਮਾਸਟਰ ਦਰਸ਼ਨ ਸਿੰਘ ਜੀ ਨਾਮਧਾਰੀ ਪੰਥ ਦੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਤਿਆਰ ਕੀਤੀ ਫੁਲਵਾੜੀ ਦੇ ਟਹਿਕਦੇ ਫੁੱਲ ਸਨ। ਉਹਨਾਂ ਨੇ ਆਪਣੀ 78 ਸਾਲ ਤੋਂ ਕੁਝ ਉੱਪਰ ਆਯੂ ਦੇ ਲਗਪਗ ਛੇ ਦਹਾਕੇ, ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਨਾਮਧਾਰੀ ਬੱਚਿਆਂ ਦੀ ਸਕੂਲੀ ਸਿੱਖਿਆ ਅਤੇ ਗੁਰਮਤਿ ਜੀਵਨ ਜਾਚ ਵਿਚ ਉਹਨਾਂ ਨੂੰ ਕਥਾ, ਕੀਰਤਨ, ਦੀਵਾਨ ਅਤੇ ਗੁਰਬਾਣੀ ਦੇ ਸ਼ੁੱਧ ਪਾਠੀ ਬਣਾਉਣ ਦੀ ਦੀਖਿਆ ਵਿਚ ਸ਼ਰਫ ਕੀਤੇ। ਮਾਸਟਰ ਜੀ ਲਈ ਘਰ, ਪਰਿਵਾਰ ਅਤੇ ਗ੍ਰਹਿਸਤ ਦੇ ਰੁਝੇਵਿਆਂ ਨਾਲੋਂ, ਸ੍ਰੀ ਸਤਿਗੁਰੂ ਜੀ ਦੀ ਆਗਿਆ ਦਾ ਪਾਲਣ ਵੱਧ ਮਹੱਤਵ ਰੱਖਦਾ ਸੀ। ਇਸੇ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਬਖਸ਼ੀਆਂ ਬੇਅੰਤ ਖੁਸ਼ੀਆਂ, ਮਾਸਟਰ ਜੀ ਦੇ ਹਿੱਸੇ ਆਈਆਂ। ਦੋਹਾਂ ਸਤਿਗੁਰੂ ਸਾਹਿਬਾਨ ਦੇ ਵਿਦੇਸ਼ ਦੌਰਿਆਂ ਦਾ ਭਾਗ ਬਣਨਾ ਵੀ ਆਪ ਨੂੰ ਨਸੀਬ ਹੋਇਆ। ਆਪ ਦੁਆਰਾ ਸਿੱਖਿਅਤ ਅਤੇ ਸਿਧਾਏ ਹੋਏ ਵਿਦਿਆਰਥੀਆਂ ਨੇ ਵੀ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਖ਼ਾਸ ਮੁਕਾਮ ਹਾਸਲ ਕੀਤੇ।ਆਪ ਦੀ ਰਸੀਲੀ, ਅਸਰਦਾਰ ਆਵਾਜ਼ ਅਤੇ ਸ਼ੁੱਧ ਸ਼ੈਲੀ ਵਿਚ ਰੀਕਾਰਡ ਹੋਏ ਆਦਿ ਸ੍ਰੀ ਗੁਰੂ ਗਰੰਥ ਸਾਹਿਬ, ਦਸਮ ਗੁਰੂ ਗਰੰਥ ਸਾਹਿਬ, ਨਾਮਧਾਰੀ ਨਿੱਤਨੇਮ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਆਦਿਕ, ਦੁਨੀਆਂ ਦੇ ਹਰ ਕੋਨੇ ਵਿਚ ਵੱਸਦੇ ਜਗਿਆਸੂ ਸੁਣਦੇ ਹਨ ਅਤੇ ਅਧਿਆਤਮਕ ਰੰਗ ਵਿਚ ਰੰਗੇ ਜਾਂਦੇ ਹਨ। ਇਤਨੀਆਂ ਪਰਾਪਤੀਆਂ ਕਿਸੇ ਇੱਕ ਸੱਜਣ ਦੇ ਜੀਵਨ ਵਿਚ ਆ ਜਾਣ ਅਤੇ ਫਿਰ ਵੀ ਅਭਿਮਾਨ ਦਾ ਕਿਣਕਾ ਮਾਤਰ ਵੀ ਉਸ ਨੂੰ ਨਾਂ ਛੋਹੇ ਤਾਂ ਇਸ ਤੋਂ ਵੱਡੀ ਗੁਰੂ-ਕਿਰਪਾ ਹੋਰ ਕੀ ਹੋ ਸਕਦੀ ਹੈ।

ਮਾਸਟਰ ਜੀ ਦਾ ਜਨਮ ਅੰਦਾਜ਼ਨ 1 ਫਰਵਰੀ 1941 ਈ. ਨੂੰ ਹੁਣ ਵਾਲੇ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਦੇ, ਜ਼ਿਲ੍ਹਾ ਗੁਜਰਾਂਵਾਲਾ ਦੇ ਕਾਮੋਕੇ ਥਾਣੇ ਦੇ ਪਿੰਡ ਰਾਜਾ ਵਿਚ ਹੋਇਆ। ਪਿਤਾ ਦਾ ਨਾਮ ਸੰਤ ਸਰਦੂਲ ਸਿੰਘ ਅਤੇ ਮਾਤਾ ਦਾ ਨਾਮ ਬੀਬੀ ਕਰਤਾਰ ਕੌਰ ਸੀ ਜੋ ਲਾਗੇ ਚਾਗੇ ਦੇ ਪਿੰਡ ਮਾਂਗਟ ਦੇ ਇਕ ਸੇਠ ਪਰਿਵਾਰ ਦੀ ਧੀ ਸੀ। ਉਸ ਸਮੇਂ ਪਿੰਡਾਂ ਵਿਚ ਵਣਜ ਵਪਾਰ ਕਰਨ ਵਾਲੇ

ਪਰਿਵਾਰ, ਸੇਠ ਪਰਿਵਾਰ ਅਖਵਾਉਂਦੇ ਸਨ। ਸੰਤ ਸਰਦੂਲ ਸਿੰਘ ਜੀ ਵੀ ਗੁਰਬਾਣੀ ਅਤੇ ਧਾਰਮਿਕ ਗਰੰਥਾਂ ਦੇ ਚੰਗੇ ਗਿਆਤਾ ਸਨ। ਪਰ ਮਾਸਟਰ ਜੀ ਦੇ ਦਾਦਾ ਜੀ ਮਹੰਤ ਕੇਸਰ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਰੋਸਾਏ ਸਨ ਅਤੇ ਗੁਜਰਾਂਵਾਲਾ ਜ਼ਿਲ੍ਹੇ ਦੇ ਕਾਮੋਕੇ ਥਾਣੇ ਦੇ 30-32 ਪਿੰਡਾਂ ਵਿਚ ਨਾਮਧਾਰੀ ਪੰਥ ਦੇ ਪਰਚਾਰ ਪਰਸਾਰ ਵਿਚ ਸਰਗਰਮ ਰਹਿੰਦੇ ਸਨ। ਮਹੰਤ ਜੀ ਦੇ ਉੱਦਮ ਸਦਕਾ ਹੀ ਰਾਜੇ ਪਿੰਡ ਦੇ ਇਕ ਵੱਡੀ ਮਾਲਕੀ ਵਾਲੇ ਵਿਰਕ ਪਰਿਵਾਰ ਦੇ ਮੁਖੀ ਸੋਹਨ ਸਿੰਘ ਨੇ ਮਹੰਤ ਜੀ ਤੋਂ ਨਾਮ ਦੀਖਿਆ ਲਈ ਅਤੇ ਇਲਾਕਾ ਭਰ ਵਿਚੋਂ ਆਉਣ ਵਾਲੀ ਨਾਮਧਾਰੀ ਸੰਗਤ ਦੇ ਸੋਹਨ ਸਿੰਘ ਹੋਰੀਂ ਮੇਜ਼ਬਾਨ ਹੁੰਦੇ। ਵੰਡ ਤੋਂ ਬਾਅਦ ਉਹਨਾਂ ਦਾ ਪਰਿਵਾਰ, ਵਿਚਕਾਰਲੇ ਲੜਕੇ ਕਾ. ਜਸਵੰਤ ਸਿੰਘ ਸਮੇਤ, ਅੰਮ੍ਰਿਤਸਰ ਕਲਾਂ ਤਸੀਲ ਸਿਰਸਾ ਜ਼ਿਲ੍ਹਾ ਹਿਸਾਰ ਵਿਚ ਆਬਾਦ ਹੋਏ। ਮਹੰਤ ਜੀ ਦਾ ਸਪੁੱਤਰ ਸਰਦੂਲ ਸਿੰਘ ਅੰਮ੍ਰਿਤਸਰ ਖੁਰਦ ਵਿਚ ਟਿਕ ਗਿਆ। ਮਾਸਟਰ ਜੀ ਤੋਂ ਛੋਟੇ ਤਿੰਨ ਭਾਈ ਜਗਤਾਰ ਸਿੰਘ, ਰਤਨ ਸਿੰਘ ਅਤੇ ਬਲਵਿੰਦਰ ਸਿੰਘ ਇਸੇ ਅੰਮ੍ਰਿਤਸਰ ਖੁਰਦ (ਛੋਟੇ ਅਮਰਾਸਰ) ਵਿਚ ਰਹਿੰਦੇ ਹਨ। ਮਾਸਟਰ ਜੀ ਦੀਆਂ ਤਿੰਨ ਭੈਣਾਂ ਹਨ। ਬੀਬੀ ਜਗੀਰ ਕੌਰ ਸੰਤ ਨਗਰ ਦੇ ਕਰਨੈਲ ਸਿੰਘ ਨਾਲ, ਭਜਨ ਕੌਰ ਇਥੋਂ ਦੇ ਹੀ ਸੁਵਰਨ ਸਿੰਘ ਨਾਲ ਅਤੇ ਸੁਵਰਨ ਕੌਰ, ਛੋਟੇ ਅਮਰਾਸਰ ਦੇ ਮੁਖਤਿਆਰ ਸਿੰਘ ਨਾਲ, ਵਿਆਹੀਆਂ ਹਨ। ਮਾਸਟਰ ਜੀ ਦੇ ਮਾਤਾ-ਪਿਤਾ, 2008 ਈ. ਵਿਚ ਅਮਰਾਸਰ ਛੋਟੇ ਵਿਖੇ, ਹੁਕਮ ਸੱਤ ਹੋਏ ਸਨ।

ਸੰਨ 1947 ਵਿਚ ਦੇਸ਼ ਦੇ ਬਟਵਾਰੇ ਸਮੇਂ ਮਾਸਟਰ ਜੀ ਦੇ ਪਰਿਵਾਰ ਦੇ ਜੀਅ ਬਹੁਤ ਕਠਿਨ ਹਾਲਾਤ ਵਿਚ ਹਿੰਦੁਸਤਾਨ ਪੁੱਜੇ ਸਨ। ਮਾਸਟਰ ਜੀ ਜੋ ਉਦੋਂ ਸਾਢੇ ਕੁ ਛੇ ਸਾਲਾਂ ਦੇ ਸਨ, ਆਪਣੇ ਦਾਦਾ ਜੀ ਨਾਲ ਸਿਰਸਾ ਸ਼ਹਿਰ ਵਿਖੇ ਰਹਿਣ ਲੱਗ ਪਏ ਸਨ। ਇੱਥੇ ਦਾਦਾ ਜੀ ਨੂੰ ਪਹਿਲਾ ਮਕਾਨ ਜੋ ਮਿਲਿਆ ਸਿਰਸਾ ਦੇ ਨਾਮਧਾਰੀ ਗੁਰਦੁਆਰੇ ਦੇ ਦੱਖਣ ਵਾਲੀ ਗਲੀ ਦੇ ਲਹਿੰਦੇ ਸਿਰੇ ਤੇ ਸੀ ਫਿਰ ਇਸੇ ਗਲੀ ਦੇ ਚੜ੍ਹਦੇ ਸਿਰੇ, ਉਸ ਵੇਲੇ ਦੀ ਸਬਜ਼ੀ ਮੰਡੀ ਦੇ ਲਾਗੇ ਇਕ ਮਕਾਨ ਅਲਾਟ ਹੋ ਗਿਆ। ਮਾਸਟਰ ਜੀ, ਦਾਦਾ ਜੀ ਨਾਲ ਕੋਈ ਦਸ ਸਾਲ ਉੱਥੇ ਰਹੇ। ਆਪ ਦੇ ਪਹਿਲੇ ਉਸਤਾਦ ਵੀ ਦਾਦਾ ਜੀ ਸਨ ਜਿਹਨਾਂ ਤੋਂ ਗੁਰਮੁਖੀ ਅੱਖਰ, ਗੁਰਬਾਣੀ ਦੇ ਗੁਟਕੇ ਦੀਆਂ ਬਾਣੀਆਂ ਦਾ ਪਾਠ ਸਿੱਖਿਆ ਅਤੇ ਰਤਾ ਵੱਡੇ ਹੋਕੇ, ਗੁਰਬਾਣੀ ਪਾਠ ਵੀ ਉਹਨਾਂ ਤੋਂ ਸਰਲ ਕਰ ਲਿਆ। ਛੇਤੀ ਹੀ ਆਰੀਆ ਹਾਈ ਸਕੂਲ, ਸਿਰਸਾ ਵਿਚ ਦਾਖਲ ਹੋ ਗਏ। ਪੜ੍ਹਾਈ ਦੇ ਨਾਲ-

ਨਾਲ ਪਰਿਵਾਰਿਕ ਕੰਮਾਂ ਵਿਚ ਵੀ ਹੱਥ ਵਟਾਉਂਦੇ ਅਤੇ 1958 ਵਿਚ ਆਪਨੇ ਉਸੇ ਸਕੂਲ ਤੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਮੈਟਰਿਕ ਦਾ ਇਮਤਿਹਾਨ ਪਾਸ ਕਰ ਲਿਆ। ਇਸ ਸਮੇਂ ਆਪ ਦੇ ਜਮਾਤੀ, ਮਹਿੰਦਰ ਸਿੰਘ ਨਾਗੀ ਅਤੇ ਮਾਸਟਰ ਬਲਦੇਵ ਸਿੰਘ ਬਰਾੜ ਦੱਸਦੇ ਹਨ ਕਿ ਆਪ ਬਹੁਤ ਹੀ ਸਾਊ, ਸੁਘੜ, ਮਿਹਨਤੀ, ਈਮਾਨਦਾਰ, ਮਿੱਠ ਬੋਲੜੇ, ਮਿਲਾਪੜੇ, ਨਿੱਘੇ, ਕੋਮਲ ਸੁਭਾਉ ਵਾਲੇ ਵਿਦਿਆਰਥੀ ਸਨ। ਸਿਰਸਾ ਨਿਵਾਸ ਸਮੇਂ ਦਾਦਾ ਜੀ ਦੇ ਨਾਲ ਸੁਬਹਾ ਸਵਖਤੇ, ਆਸਾ ਦੀ ਵਾਰ ਦੇ ਕੀਰਤਨ ਵਿਚ ਅਤੇ ਸ਼ਾਮ ਦੇ ਦੀਵਾਨ ਵਿਚ ਵੀ ਨਾਮਧਾਰੀ ਗੁਰਦੁਆਰੇ ਆਪ ਹਾਜ਼ਰ ਹੋਇਆ ਕਰਦੇ ਸਨ। ਆਪਦੇ ਭਾਵੀ ਜੀਵਨ ਦੀ ਨੀਂਹ ਵੀ ਸਿਰਸਾ ਨਿਵਾਸ ਸਮੇਂ ਹੀ ਰੱਖੀ ਗਈ।

1957 ਵਿਚ ਦਸਵੀਂ ਪਾਸ ਕਰ ਦਿਆਂ ਹੀ ਆਪ ਜੀ ਦਾ ਅਨੰਦ ਕਾਰਜ, ਦਾਦਾ ਜੀ ਦੀ ਨਿਗਰਾਨੀ ਹੇਠ, ਸੰਤ ਨਗਰ ਵੱਸਦੇ ਸੇਠ ਪਰਿਵਾਰ ਦੀ ਸਪੁੱਤਰੀ ਬੀਬੀ ਗੁਰਚਰਨ ਕੌਰ ਨਾਲ ਹੋਇਆ। ਬੀਬੀ ਦੇ ਪਿਤਾ ਸੇਠ ਪ੍ਰੀਤਮ ਸਿੰਘ, ਪਿੰਡ ਵਰਨ (ਸ਼ੇਖੂਪੁਰਾ) ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ ਦੀ ਪਰਬੰਧਕੀ ਟੀਮ ਦੇ ਲੇਖਾਕਾਰ ਅਤੇ ਸਤਿਗੁਰੂ ਜੀ ਦੇ ਵਿਸ਼ਵਾਸ਼ ਪਾਤਰ ਸਿੱਖ ਸਨ। ਅਨੰਦ ਕਾਰਜ ਤੋਂ ਬਾਅਦ ਮਾਸਟਰ ਜੀ ਸੰਤ ਨਗਰ ਆ ਵੱਸੇ ਕਿਉਂਕਿ ਇਸੇ ਸਾਲ ਹੀ ਦਾਦਾ ਜੀ ਵੀ ਹੁਕਮ ਸੱਤ ਹੋ ਗਏ ਸਨ। ਮਾਸਟਰ ਜੀ ਨੇ ਕੁਝ ਸਮਾਂ ਕੱਪੜਾ ਵੇਚਣ ਦਾ ਕੰਮ ਕੀਤਾ। ਫਿਰ ਪਰਿਵਾਰ ਨੇ ਇਕ ਟਰੱਕ ਲੈ ਲਿਆ, ਉਸ ਨਾਲ ਕੁਝ ਸਮਾਂ ਨਿਗਰਾਨ ਵਜੋਂ ਰਹੇ। 1960 ਈ. ਵਿਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੱਦੀ ਨਸ਼ੀਨ ਹੋਣ ਤੋਂ ਅਗਲੇ ਸਾਲ, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਵਿਖੇ ਆਪ ਸਕੂਲ ਅਧਿਆਪਕ ਬਣ ਗਏ। ਅਠਵੀਂ ਜਮਾਤ ਨੂੰ ਹਿਸਾਬ ਪੜ੍ਹਾਉਂਦੇ ਅਤੇ ਬਾਕੀ ਸਾਰੀਆਂ ਜਮਾਤਾਂ ਨੂੰ ਧਾਰਮਿਕ ਸਿੱਖਿਆ ਦੇਣੀ ਆਪ ਦੇ ਜ਼ਿੰਮੇ ਸੀ। ਲਗਾਤਾਰ 32 ਸਾਲ ਮਾਸਟਰ ਜੀ ਨੇ ਵਿਦਿਆਲੇ ਵਿਚ ਸੇਵਾ ਕੀਤੀ। ਨਾਮਧਾਰੀਆਂ ਦੀਆਂ ਤਿੰਨ ਪੀੜ੍ਹੀਆਂ ਮਾਸਟਰ ਜੀ ਤੋਂ ਸਿੱਖਿਅਤ ਹੋਈਆਂ।

1992 ਈ. ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਆਪ ਨੇ ਆਪਣਾ ਡੇਰਾ ਸ੍ਰੀ ਭੈਣੀ ਸਾਹਿਬ ਲਾ ਲਿਆ। ਇੱਥੇ ਸਤਿਗੁਰੂ ਪਰਤਾਪ ਸਿੰਘ ਅਕਾਦਮੀ ਦੇ ਬੱਚਿਆਂ ਨੂੰ ਵੀ ਧਾਰਮਿਕ ਸਿੱਖਿਆ ਵਿਚ ਨਿਪੁੰਨ ਕੀਤਾ। ਭੈਣੀ ਸਾਹਿਬ ਅਕਾਡਮੀ ਦੇ ਬੱਚਿਆਂ ਨੂੰ ਸ਼ੁੱਧ ਸਰਲ ਗੁਰਬਾਣੀ ਪਾਠ, ਦੀਵਾਨ ਅਤੇ ਆਸਾ ਦਾ ਵਾਰਾ ਲਾਉਣਾ, ਕਵੀਸ਼ਰੀ ਕਰਨੀ, ਭਾਸ਼ਣ ਪ੍ਰਤੀਯੋਗਤਾ ਦੀ ਤਿਆਰੀ, ਸਿਖਾਈ। ਸਤਿਗੁਰੂ ਜੀ ਆਪ ਨਾਲ ਹਾਸ ਵਿਨੋਦ ਕਰਦੇ ਰਹਿੰਦੇ।

ਇਸੇ ਕਾਰਨ ਆਪਨੇ ਪੂਰੇ 27 ਵਰ੍ਹੇ ਸ੍ਰੀ ਭੈਣੀ ਸਾਹਿਬ ਬਤੀਤ ਕੀਤੇ। ਸਿਹਤ ਬਹੁਤ ਵਧੀਆ ਸੀ। ਅਚਾਨਕ ਚੈਕ ਕਾਰਨ ਤੇ ਦਿਲ ਦੀਆਂ ਤਿੰਨੇ ਨਾੜੀਆ ਰੁਕੀਆਂ ਪਾਏ ਲੱਗੀਆਂ। ਅਗਲੇ ਦਿਨ ਦਿਲ ਦਾ ਦੌਰਾ ਪੈ ਗਿਆ ਪਾਰਸ ਹਸਪਤਾਲ ਪੰਚਕੂਲੇ ਸਫਲ ਉਪਰੇਸ਼ਨ ਹੋ ਗਿਆ ਪਰ ਸਿਹਤ ਸੁਧਾਰ ਨਾ ਹੋ ਸਕਿਆ। 31 ਜੁਲਾਈ 2019 ਨੂੰ ਰਾਤ ਹਸਪਤਾਲ ਵਿਚ ਹੀ ਆਖਰੀ ਸਾਹ ਲਿਆ। ਦੇਸ਼ਾਂ ਵਿਦੇਸ਼ਾਂ ਦੀ ਨਾਮਧਾਰੀ ਸੰਗਤ ਵਿਚ ਸੋਗ ਦੀ ਲਹਿਰ ਦੌੜ ਗਈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪ ਨੂੰ ਹਸਪਤਾਲ ਵਿਖੇ ਦਰਸ਼ਨ ਦੇ ਕੇ ਆਏ ਸਨ। ਹਜ਼ੂਰ ਬੈਂਕੌਕ ਸਨ। ਉਹਨਾਂ ਦੇ ਹੁਕਮ ਅਨੁਸਾਰ, 1 ਅਗਸਤ ਨੂੰ ਸ਼ਾਮ 4 ਵਜੇ, ਸੰਗਤਾਂ ਦੇ ਭਾਰੀ ਇਕੱਠ ਵਿਚ, ਮਾਸਟਰ ਜੀ ਦਾ ਅੰਤਿਮ ਸੰਸਕਾਰ ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਵਿਚ ਹੋਇਆ ਜੋ ਮਾਸਟਰ ਜੀ ਦੀ ਕਰਮ ਭੂਮੀ ਹੋ ਨਿੱਬੜੀ ਸੀ।

ਮਾਸਟਰ ਜੀ ਦੀ ਧਰਮ ਪਤਨੀ ਬੀਬੀ ਗੁਰਚਰਨ ਕੌਰ, 2005 ਈ. ਵਿਚ ਚਲਾਣਾ ਕਰ ਗਈ ਸੀ। ਸੰਤਾਨ ਵਜੋਂ ਆਪ ਦੇ ਘਰ ਦੋ ਸਪੁੱਤਰੀਆਂ ਅਤੇ ਚਾਰ ਸਪੁੱਤਰਾਂ ਨੇ ਜਨਮ ਲਿਆ। ਵੱਡਾ ਸਪੁੱਤਰ ਕੁਲਦੀਪ ਸਿੰਘ, ਉਸ ਤੋਂ ਛੋਟਾ ਹਰਦੀਪ ਸਿੰਘ, 2018 ਵਿਚ ਚੱਲ ਵੱਸਿਆ ਸੀ, ਤੀਜੇ ਨੰਬਰ ਵਾਲਾ ਹੀਰਾ ਸਿੰਘ ਚੰਡੀਗੜ੍ਹ ਪੁਲੀਸ ਵਿਚ ਹੈ। ਸਭ ਤੋਂ ਛੋਟਾ ਗੁਰਦੇਵ ਸਿੰਘ ਤੇ ਵੱਡਾ ਕੁਲਦੀਪ ਸਿੰਘ ਦੋਵੇਂ ਸੰਤ ਨਗਰ ਰਹਿੰਦੇ ਹਨ। ਵੱਡੀ ਸਪੁੱਤਰੀ ਜਸਬੀਰ ਕੌਰ, ਗੁਰਨਾਮ ਸਿੰਘ ਸਪੁੱਤਰ ਸੰਤ ਦੈਆ ਸਿੰਘ ਸੰਤ ਨਗਰ ਨਾਲ ਅਤੇ ਛੋਟੀ ਸੁਖਬੀਰ ਕੌਰ ਵੀ ਉਸੇ ਘਰ ਵਿਚ, ਗੁਰਨਾਮ ਸਿੰਘ ਦੇ ਛੋਟੇ ਭਾਈ ਸੁਖਦੇਵ ਸਿੰਘ ਨਾਲ ਵਿਆਹੀ ਹੈ। ਵੱਡੀ ਸਪੁੱਤਰੀ ਦੇ ਲੜਕੇ, ਦੀਦਾਰ ਸਿੰਘ ਹਾਕੀ ਦੇ ਇੰਟਰਨੈਸ਼ਨਲ ਪੱਧਰ ਦੇ ਖਿਡਾਰੀ ਹਨ ਅਤੇ ਛੋਟੇ ਸਰਦਾਰ ਸਿੰਘ ਹਾਕੀ ਦੇ ਓਲੰਪੀਅਨ ਅਤੇ ਭਾਰਤੀ ਹਾਕੀ ਟੀਮ ਦੇ ਕਪਤਾਨ ਰਹਿ ਚੁੱਕੇ ਹਨ। ਮਾਸਟਰ ਜੀ ਦੇ ਇਹ ਦੋਵੇਂ ਦੋਹਤਰੇ ਚੰਗੀਆਂ ਅਹੁਦੇਦਾਰੀਆਂ ਤੇ ਹਨ। ਆਪਣੇ ਪਰਿਵਾਰ ਦੇ ਇਸ ਸਰਬਪੱਖੀ ਵਿਕਾਸ ਨੂੰ ਮਾਸਟਰ ਜੀ ਹਮੇਸ਼ਾਂ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਨਾਲ ਜੋੜ ਕੇ ਵੇਖਿਆ ਕਰਦੇ ਸਨ। ਮਾਸਟਰ ਜੀ ਦੇ ਪਰਿਵਾਰ ਦੇ ਕਈ ਬੱਚੇ ਬੱਚੀਆਂ ਵਿਦੇਸ਼ਾਂ ਵਿਚ ਵੀ ਸੈੱਟ ਹੋ ਚੁੱਕੇ ਹਨ।

ਅਧਿਆਪਕ ਸਮਾਜ ਦਾ ਨਿਰਮਾਤਾ ਹੁੰਦਾ ਹੈ। ਸਦਾਚਾਰ ਅਤੇ ਧਰਮ ਸਿੱਖਿਆ ਵਿਚ ਬੱਚੇ ਨੂੰ ਪਰਪੱਕ ਕਰਨ ਵਾਲੇ ਅਧਿਆਪਕ, ਸਾਡੀ ਨਵੀਂ ਪਨੀਰੀ ਨੂੰ ਮਜ਼ਬੂਤ ਜੜ੍ਹਾਂ ਪਰਦਾਨ ਕਰਨ ਦਾ ਕੰਮ ਕਰਦੇ ਹਨ। ਗੁਰਬਾਣੀ

ਪਠਨ ਪਾਠਨ ਨਾਲ ਉਮਰ ਭਰ ਜੁੜੇ ਰਹਿਣ ਵਾਲੇ ਮਾਸਟਰ ਜੀ, ਜਗਿਆਸੂਆਂ ਦੇ ਅਨੇਕ ਸ਼ੰਕਿਆਂ ਦਾ ਸਮਾਧਾਨ ਕਰਨ ਦੇ ਸਮਰੱਥ ਸਨ। ਉਹਨਾਂ ਨੂੰ ਬਹੁਤ ਗੁਰਬਾਣੀ ਹਿਫਜ਼ ਹੋ ਚੁੱਕੀ ਸੀ। ਉਹ ਆਪਣੇ ਆਪ ਵਿਚ ਸ਼ੁੱਧ ਗੁਰਬਾਣੀ ਪਾਠ ਦਾ ਪ੍ਰਤੀਮਾਨ ਸਥਾਪਿਤ ਹੋ ਚੁੱਕੇ ਹਨ। ਸਿੱਖ ਮੱਤ ਵਿਚ ਸਾਰੇ ਗੁਰੂ ਸਾਹਿਬਾਨ ਹੀ ਸ਼ੁੱਧ ਗੁਰਬਾਣੀ ਉਚਾਰਨ ਦਾ ਹੁਕਮ ਦਿੰਦੇ ਸਨ ਕਿਉਂਕਿ ਮਾਮੂਲੀ ਲਗ ਮਾਤਰਾ ਦੇ ਭੇਦ ਨਾਲ ਅਰਥ ਦਾ ਅਨਰਥ ਹੋ ਸਕਦਾ ਹੈ। ਸਿੱਖ ਜੀਵਨ ਜਾਚ ਦਾ ਧੁਰਾ ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ ਨਾਮ ਬਾਣੀ ਦਾ ਉਚਾਰਨ ਅਤੇ ਗੁਰਮਤਿ ਅਨੁਸਾਰੀ ਜੀਵਨ ਹੈ। ਮਾਸਟਰ ਜੀ ਆਪਣੇ ਦੁਆਰਾ ਨਿਬਾਹੀਆਂ ਵੱਡ ਮੁੱਲੀਆਂ ਸੇਵਾਵਾਂ ਸਦਕਾ, ਨਾਮਧਾਰੀ ਜਗਤ ਦੀਆਂ ਸਤਿਕਾਰਿਤ ਹਸਤੀਆਂ ਜਿਉਂ, ਸਾਡੇ ਚੇਤਿਆਂ ਵਿਚ ਵੱਸਦੇ ਰਹਿਣਗੇ। ਉਹਨਾਂ ਦੁਆਰਾ ਨਾਮਧਾਰੀਆਂ ਦੀ ਪਰੰਪਰਾਗਤ ਵਾਰਾ ਸ਼ੈਲੀ ਵਿਚ ਕੀਤਾ ਆਸਾ ਦੀ ਵਾਰ ਦਾ ਕੀਰਤਨ ਵੀ ਅਕਸਰ ਯਾਦ ਆਇਆ ਕਰੇਗਾ। ਦੁਨੀਆਂ ਭਰ ਵਿਚ ਫੈਲੇ ਮਾਸਟਰ ਜੀ ਦੇ ਵਿਦਿਆਰਥੀਆਂ, ਸਰੋਤਿਆਂ, ਸ਼ੁਭ ਚਿੰਤਕਾਂ, ਸੱਜਣਾਂ ਮਿੱਤਰਾਂ ਅਤੇ ਚਾਹੁਣ ਵਾਲਿਆਂ ਨਾਲ, ਉਹਨਾਂ ਦੇ ਝੱਟ ਪੱਟ ਸਿਰ ਆ ਪਏ ਵਿਛੋੜੇ ਦੇ ਗ਼ਮ ਵਿਚ ਅਸੀਂ ਵੀ ਸ਼ਰੀਕ ਹੁੰਦੇ ਹੋਏ ਅਰਦਾਸ ਕਰਦੇ ਹਾਂ ਕਿ ਉਹਨਾਂ ਦੁਆਰਾ ਛੱਡੀ ਥਾਂ ਭਰਨ ਲਈ ਗੁਣੀ ਸੱਜਣ ਅੱਗੇ ਆਉਂਦੇ ਰਹਿਣ।

-ਸੰਪ:99963-71716

Master Darshan Singh Ji

By Kirpal Singh Chana (U.K)

Master Darshan Singh Ji was blessed by Sri Satguru Jagjit Singh who imparted knowledge about finer points of Gurbani to him, a rare opportunity which he learned with his heart.

He became a scholar, with immense knowledge about sikh scriptures, Sri Aad Guru Granth Sahib, Sri Dasam Guru Granth Sahib and Bhai Gurdas ji bani.

He was a gentle and noble person, with a saintly look and was admired by one and all. He was the go-to person for questions and advice about Gurbani. He possessed a golden voice, and his recitals were universally admired by Namdharies and non-Namdharies alike.

His everlasting recitals on Gurbani – Sri Aad Granth Sahib, Sri Dasam Granth Sahib, Namdhari Nitnem -are available on YouTube for everyone to learn and enjoy.

.....ਤਿਨ ਕਉ ਕ੍ਰਿਪਾ ਭਈ ਹੈ ਅਪਾਰ॥

-ਹਰਪਾਲ ਸਿੰਘ ਸੇਵਕ

ਭਗਤ ਕਬੀਰ ਜੀ ਰਾਗ-ਬਿਲਾਵਲ ਵਿਚ ਲਿਖਦੇ ਹਨ-

ਦਰ ਮਾਦੇ ਠਾਢੇ ਦਰਬਾਰਿ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ
ਦਰਸਨੁ ਦੀਜੈ ਖੋਲ੍ਹਿ ਕਿਵਾਰ॥ ਰਹਾਉ॥

ਇਸੇ ਸ਼ਬਦ ਦੀ ਪੰਗਤੀ ਹੈ-

ਜੈਦੇਉ ਨਾਮਾ ਬਿਪ ਸੁਦਾਮਾ
ਤਿਨ ਕਉ ਕ੍ਰਿਪਾ ਭਈ ਹੈ ਅਪਾਰ॥

ਜਿਵੇਂ ਭਗਤ ਜੈਦੇਵ, ਨਾਮਦੇਵ ਅਤੇ ਸੁਦਾਮੇਂ ਤੇ ਭਗਵਾਨ ਦੀ ਅਪਾਰ ਕਿਰਪਾ ਹੋਈ। ਏਸੇ ਤਰ੍ਹਾਂ ਹੀ ਨਾਮਧਾਰੀ ਪੰਥ ਦੇ ਉਹ ਵਡਭਾਗੇ ਗੁਰ-ਸਿੱਖ ਜਿਹੜੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਬਖਸ਼ਿਸ਼ ਦੇ ਪਾਤਰ ਸਨ ਪੰਡਿਤ ਗੋਪਾਲ ਸਿੰਘ ਜੀ, ਮਾ. ਨਿਹਾਲ ਸਿੰਘ ਜੀ, ਕਵੀ ਪ੍ਰੀਤਮ ਸਿੰਘ ਜੀ, ਮਹਿੰਦਰ ਸਿੰਘ ਜੀ ਪੂਰਬਾ ਆਦਿ ਇਨ੍ਹਾਂ ਗੁਰੂ-ਪਿਆਰੇ ਸਿੱਖਾਂ ਦੀ ਲੜੀ ਵਿਚ ਸਨ- ਮਾਸਟਰ ਦਰਸ਼ਨ ਸਿੰਘ ਜੀ।

ਮਾਸਟਰ ਦਰਸ਼ਨ ਸਿੰਘ ਜੀ ਦਾ ਜਨਮ ਪਿਤਾ ਸਰਦੂਲ ਸਿੰਘ ਅਤੇ ਮਾਤਾ ਕਰਤਾਰ ਕੌਰ ਦੇ ਘਰ ਸੰਨ 1941 ਨੂੰ ਪਿੰਡ ਰਾਜਾ ਜ਼ਿਲਾ ਗੁਜਰਾਂਵਾਲਾ ਹੁਣ (ਪਾਕਿਸਤਾਨ) ਵਿਖੇ ਹੋਇਆ। ਆਪਦੇ ਦਾਦਾ ਮਹੰਤ ਕੇਸਰ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸਿੰਘ ਸਜੇ। ਆਪ ਚੰਗੇ ਪਾਠੀ ਅਤੇ ਪਰਚਾਰਕ ਸਨ। ਅਟੱਲ ਪ੍ਰਤਾਪੀ ਸਤਿਗੁਰੂ ਜੀ ਨੇ ਜ਼ਿਲਾ ਗੁਜਰਾਂਵਾਲੇ ਵਿਚ ਸਿੱਖੀ ਦੇ ਪ੍ਰਚਾਰ ਲਈ ਆਪ ਨੂੰ ਮਹੰਤੀ ਬਖਸ਼ੀ। ਘਰ ਵਿਚ ਨਾਮ-ਬਾਣੀ ਅਤੇ ਸਿੱਖੀ ਵਾਲਾ ਵਾਤਾਵਰਣ ਸੀ। ਆਪ ਦੀ ਦਾਦੀ ਜਿਉਣ ਕੌਰ ਅਤੇ ਅੱਖਾਂ ਤੋਂ ਮੁਨਾਖੀ ਦਾਦੀ ਦੀ ਭੈਣ ਵੀਰ ਕੌਰ ਨੂੰ ਵੀ ਬਾਣੀ ਬਹੁਤ ਕੰਠ ਸੀ। ਮਾਸਟਰ ਜੀ ਨੇ ਬਚਪਨ ਵਿਚ ਬਹੁਤ ਬਾਣੀ ਮਾਤਾ ਵੀਰ ਕੌਰ ਤੋਂ ਸੁਣ-ਸੁਣ ਕੇ ਹੀ ਕੰਠ ਕਰ ਲਈ। ਆਪ ਦੇ ਪਿਤਾ ਸੰਤ ਸਰਦੂਲ ਸਿੰਘ ਵੀ ਬਹੁਤ ਸ਼ੁਧ ਅਤੇ ਰਸੀਲੇ ਪਾਠੀ ਸਨ। ਏਨੇ ਚੰਗੇ ਪਾਠੀ ਕਿ ਇਕ ਵੇਰ ਰਾਗੀ ਸੁਜਾਨ ਸਿੰਘ ਦੇ ਭੋਗ ਤੇ ਸਲੋਕ ਆਪ ਦੇ ਪਿਤਾ ਜੀ ਨੇ ਪੜ੍ਹੇ। ਸੂਬਾ ਬਲਵਿੰਦਰ ਸਿੰਘ ਨੇ ਭੈਣੀ ਸਾਹਿਬ

ਆ ਕੇ ਮਾਸਟਰ ਜੀ ਨੂੰ ਹਾਸ-ਵਿਅੰਗ ਕੀਤਾ: "ਮਾਸਟਰ ਜੀ ਪਾਠ ਤਾਂ ਤੁਹਾਡਾ ਵੀ ਬਹੁਤ ਸ਼ੁੱਧ ਅਤੇ ਮਿੱਠਾ ਹੈ ਪਰ ਅੱਜ ਇੱਕ ਬਜ਼ੁਰਗ ਪਾਠੀ ਨੇ ਸਲੋਕ ਪੜੇ, ਤੁਹਾਡੇ ਤੋਂ ਵੀ ਦੋ ਰੱਤੀਆਂ ਵੱਧ, ਉਹ ਤੇ ਤੁਹਾਡਾ ਵੀ ਪਿਉ ਸੀ।" ਇਸ ਤਰ੍ਹਾਂ ਮਾਸਟਰ ਜੀ ਨੂੰ ਗੁਰਬਾਣੀ ਸਿੱਖਿਆ ਅਤੇ ਗੁਰਮਤਿ ਦੀ ਲਾਗ ਪਿਤਾ-ਦਾਦੇ ਤੋਂ ਵਿਰਸੇ ਵਿਚ ਹੀ ਪ੍ਰਾਪਤ ਹੋਈ। ਦੇਸ਼ ਦੀ ਵੰਡ ਵੇਲੇ ਆਪ ਕੇਵਲ ਸਾਢੇ ਕੁ ਛੇ ਸਾਲ ਦੇ ਬਾਲ ਹੀ ਸਨ। ਉਸ ਵੇਲੇ ਦੀ ਭਿਆਨਕ ਕਤਲੋ-ਗਾਰਦ ਉਮਰ ਭਰ ਆਪ ਦੇ ਚੇਤਿਆਂ ਵਿਚ ਰਹੀ। ਬਹੁਤ ਮੁਸੀਬਤਾਂ ਝਾਗਦੇ ਆਪ ਪ੍ਰਵਾਰ ਸਮੇਤ ਸਿਰਸਾ (ਹਰਿਆਣਾ) ਵਿਖੇ ਆ ਟਿਕੇ। ਏਥੇ ਹੀ ਆਪ ਨੇ ਆਰੀਆ ਹਾਈ ਸਕੂਲ ਚੋਂ ਮੈਟ੍ਰਿਕ ਪਾਸ ਕੀਤੀ। ਏਥੇ ਸਿਰਸੇ ਵਿਖੇ ਹੀ ਆਪ ਸਵੇਰੇ-ਸ਼ਾਮ ਨਾਮਧਾਰੀ ਗੁਰਦੁਆਰੇ ਜਾਂਦੇ; ਵਾਰੇ ਦੇ ਕੀਰਤਨ ਅਤੇ ਸ਼ਾਮ ਦੇ ਕੀਰਤਨ ਵਿਚ ਛੈਣੇ ਵਜਾਉਂਦੇ, ਜਥੇ ਨਾਲ ਸ਼ਬਦ ਪੜ੍ਹਦੇ। ਗੁਰਬਾਣੀ ਦਾ ਸ਼ੁੱਧ ਉਚਾਰਨ ਅਤੇ ਅਰਥ ਬੋਧ ਦਾ ਅਧਿਐਨ ਨਿਰੰਤਰ ਜਾਰੀ ਰਿਹਾ। ਜਵਾਨ ਹੋਏ ਤਾਂ ਆਪ ਦਾ ਅਨੰਦ ਕਾਰਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਥਾਪੇ ਗੱਲੇ ਦੇ ਮੁਖਤਿਆਰ ਸੇਠ ਪ੍ਰੀਤਮ ਸਿੰਘ ਜੀ ਦੀ ਸਪੁਤ੍ਰੀ ਬੀਬੀ ਕਰਤਾਰ ਕੌਰ ਨਾਲ ਹੋਇਆ। ਸੰਤਾਨ ਵਜੋਂ ਆਪ ਦੇ ਦੋ ਸਪੁੱਤਰੀਆਂ ਅਤੇ ਚਾਰ ਸਪੁੱਤਰ ਹਨ ਜਿਨਾਂ ਚੋਂ ਇਕ ਲੜਕਾ ਹਰਦੀਪ ਸਿੰਘ ਸੰਨ 2018 ਵਿਚ ਚਲਾਣਾ ਕਰ ਗਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਨ 1957 ਵਿਚ ਨਵੇਂ ਵਸਾਏ ਇਲਾਕੇ ਸ੍ਰੀ ਜੀਵਨ ਨਗਰ ਵਿਚ ਗੁਰੂ ਹਰੀ ਸਿੰਘ ਜੀ ਮਹਾਂ ਵਿਦਿਆਲਾ ਸਥਾਪਿਤ ਕੀਤਾ। ਅਗਸਤ 1959 ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲੀ। ਆਪ ਜੀ ਦੇ ਹੁਕਮ ਅਨੁਸਾਰ 1960 ਵਿਚ ਦਰਸ਼ਨ ਸਿੰਘ ਜੀ ਦੀ ਵਿਦਿਆਲੇ ਵਿਚ ਅਧਿਆਪਕ ਵਜੋਂ ਨਿਯੁਕਤੀ ਹੋਈ। 32 ਵਰ੍ਹੇ ਆਪ ਨੇ ਵਿਦਿਆਲੇ ਵਿੱਚ ਧਾਰਮਿਕ, ਇਤਿਹਾਸ ਅਤੇ ਗਣਿਤ ਪੜ੍ਹਾਇਆ। ਵਿਦਿਆਲੇ ਚੋਂ ਹੀ ਆਪ ਦੇ ਨਾਮ ਨਾਲ ਲੱਗਿਆ ਤਖੱਲਸ 'ਮਾਸਟਰ' ਆਪ ਦੀ ਸਦੀਵੀ ਪਹਿਚਾਨ ਬਣ ਗਿਆ। ਵਿਦਿਆਲੇ ਵਿੱਚ ਅਧਿਆਨ ਕਾਲ ਦੌਰਾਨ ਹੀ ਵਰਤਮਾਨ ਸਤਿਗੁਰੂ ਜੀ, ਠਾਕੁਰ ਉਦੇ ਸਿੰਘ ਜੀ ਦੇ ਰੂਪ ਵਿੱਚ ਆਪ ਦੇ ਵਿਦਿਆਰਥੀ ਰਹੇ। ਗੁਰਗੱਦੀ ਤੇ ਬਿਰਾਜਮਾਨ ਹੋਣ ਉਪਰੰਤ ਵੀ ਸ੍ਰੀ ਸਤਿਗੁਰੂ ਜੀ, ਮਾਸਟਰ ਜੀ ਦਾ ਬਹੁਤ ਸਤਿਕਾਰ ਕਰਦੇ ਹਨ।

ਮਾਸਟਰ ਜੀ ਦਾ ਪੂਰਾ ਜੀਵਨ ਹੀ ਸੰਘਰਸ਼ ਭਰਪੂਰ ਹੈ। ਪਹਿਲਾਂ ਬਚਪਨ ਵਿਚ ਦੇਸ਼ ਦੀ ਵੰਡ ਦਾ ਦੁਖਾਂਤ ਵੇਖਣਾ, ਖਾਲੀ ਹੱਥੀਂ ਆਏ ਪਰਿਵਾਰ

ਵਿਚ ਤੰਗੀਆਂ-ਤਰੁਸ਼ੀਆਂ ਵਿਚ ਵਿਦਿਆ ਗ੍ਰਹਿਣ ਕਰਨੀ। ਆਪ ਨੇ ਠੇਕੇ ਤੇ ਪੈਲੀ ਲੈ ਕੇ ਖੇਤੀ ਕੀਤੀ, ਪਸ਼ੂ ਪਾਲੇ, ਕੱਪੜੇ ਸੀਤੇ, ਕੱਪੜਾ ਵੇਚਣ ਅਤੇ ਸਬਜੀ ਵੇਚਣ ਦਾ ਕੰਮ ਵੀ ਕੀਤਾ। ਲੰਮਾ ਸਮਾਂ ਅਧਿਆਪਨ ਕਾਰਜ ਕੀਤਾ। ਇਸੇ ਲਈ ਕਿਰਤ, ਉੱਦਮ, ਸਿਰੜ ਅਤੇ ਧੀਰਜ ਆਪ ਦੇ ਸਹਿਜ-ਸੁਭਾਅ ਦਾ ਹਿੱਸਾ ਬਣ ਚੁੱਕਾ ਸੀ। ਆਪ ਆਖਿਆ ਕਰਦੇ ਸਨ ਕਿ ਮੈਂ ਜੀਵਨ ਵਿਚ ਔਖੇ ਦਿਨ ਵੀ ਗੁਜ਼ਾਰੇ ਹਨ ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਮੀਨ ਦੇ ਕੇ ਜਮੀਨਦਾਰ ਵੀ ਬਣਾਇਆ ਅਤੇ ਗੂੰਗੇ ਤੋਂ ਗੀਤਾ ਪੜ੍ਹਾਉਣ ਵਾਂਗ ਗੁਰਬਾਣੀ ਗਿਆਨ ਅਤੇ ਕੀਰਤਨ ਦੀ ਦਾਤ ਬਖਸ਼ ਕੇ ਸਮਾਜ ਵਿਚ ਮਾਣ-ਸਨਮਾਨ ਵੀ ਬਖਸ਼ੇ। ਵਿਦੇਸ਼ਾਂ ਦੀ ਸੈਰ ਵੀ ਕਰਵਾਈ, ਬੱਚੇ ਸਾਰੇ ਸੁਖੀ ਹਨ। ਸੱਚੇਪਾਤਸ਼ਾਹ ਨੇ ਮੇਰੀ ਯੋਗਤਾ ਤੋਂ ਅਤੇ ਮੇਰੀ ਸੋਚ ਤੋਂ ਕਿਤੇ ਵੱਧ ਸੁਖ ਬਖਸ਼ੇ ਹਨ, ਨਾਲ ਹੀ ਆਪਣੇ ਦਿੱਤੇ ਤੇ ਸੰਤੋਖ ਬਖਸ਼ਿਆ ਹੈ। ਆਪ ਆਖਿਆ ਕਰਦੇ ਸਨ- ਸੁਖ ਸਰੀਰ ਦਾ ਹੁੰਦਾ ਹੈ, ਸ਼ਾਂਤੀ ਮਨ ਦੀ ਅਤੇ ਸੋਭਾ ਦੁਨੀਆਂ ਦੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰਕੇ ਸੁਖ, ਸ਼ਾਂਤੀ ਅਤੇ ਸੋਭਾ ਆਦਿ ਸੱਭੋ ਕੁਝ ਬਖਸ਼ਿਆ ਹੈ। ਸੱਚੇਪਾਤਸ਼ਾਹ ਮਾਣ ਬਖਸ਼ਦੇ ਹਨ ਇਸੇ ਲਈ ਸੰਗਤ ਸਾਡਾ ਸਤਿਕਾਰ ਕਰਦੀ ਹੈ- "ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ।" ਉਨ੍ਹਾਂ ਨੇ ਹੀ ਕਿਰਪਾ ਕਰਕੇ ਗੁਣਾਂ ਦੀ ਦਾਤ ਬਖਸ਼ੀ, ਕਰਮ ਕਰਾਏ ਅਤੇ ਵਡਿਆਈ ਬਖਸ਼ੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚੇਚਾ ਹੁਕਮ ਕਰਕੇ ਸੰਨ 1992 ਵਿਚ ਮਾਸਟਰ ਜੀ ਨੂੰ ਸ੍ਰੀ ਭੈਣੀ ਸਾਹਿਬ ਆਉਣ ਦਾ ਹੁਕਮ ਦਿੱਤਾ; 'ਸਤਿ-ਬਚਨ' ਕਰ ਆ ਗਏ। ਸੰਗਤ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਚੁਗਿਰਦੇ ਵਿਚ ਸੇਵਕਾਂ ਤੋਂ ਇਲਾਵਾ ਪੰਡਤ ਗੋਪਾਲ ਸਿੰਘ ਜੀ, ਮਾਸਟਰ ਨਿਹਾਲ ਸਿੰਘ ਜੀ ਵਰਗੇ ਗੁਣੀ ਜਨਾਂ ਵਿਚ ਮਾਸਟਰ ਦਰਸ਼ਨ ਸਿੰਘ ਜੀ ਦੀ ਜਗ੍ਹਾ ਸੁਰੱਖਿਅਤ ਹੁੰਦੀ ਸੀ। ਗੁਰਬਾਣੀ ਦੇ ਕਿਸੇ ਸ਼ਬਦ ਦੇ ਅਰਥ ਬੋਧ ਬਾਰੇ ਜਾਂ ਕਿਤੇ ਲਗ ਮਾਤਰ ਦੇ ਸਪਸ਼ਟੀਕਰਣ ਬਾਰੇ ਸਤਿਗੁਰੂ-ਸੱਚੇ ਪਾਤਸ਼ਾਹ ਪਾਸ ਬੈਠੇ ਮਾਸਟਰ ਜੀ ਨਾਲ ਵੀਚਾਰ ਕਰਿਆ ਕਰਦੇ ਸਨ। 1987 ਈ. ਵਿਚ ਸ੍ਰੀ ਭੈਣੀ ਸਾਹਿਬ ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀਂ ਸ਼ੁਰੂ ਕੀਤੀ ਗਈ। 1992 ਤੋਂ ਬਾਅਦ ਲੰਮਾਂ ਸਮਾਂ ਮਾਸਟਰ ਜੀ ਨੇ ਅਕਾਦਮੀਂ ਵਿਚ ਧਾਰਮਿਕ ਸਿਖਿਆ ਦੀ ਸੇਵਾ ਨਿਭਾਈ। ਸਿਖਾਉਣ ਦਾ ਏਨਾਂ ਸ਼ੌਂਕ ਕਿ ਕਲਾਸ ਦੇ ਰੂਪ ਵਿਚ ਵੀ ਸਿਖਾਉਣਾ, ਆਪਦੇ ਨਿਵਾਸ ਤੇ ਵੀ ਕੋਈ ਨਾ ਕੋਈ ਸਿਖਆਰਥੀ ਬੈਠਾ ਹੀ ਹੁੰਦਾ। ਇਕ ਦਿਨ ਸ੍ਰੀ ਭੈਣੀ ਸਾਹਿਬ ਨਾਮ ਸਿਮਰਨ ਦੀ ਅਰਦਾਸ ਉਪਰੰਤ

ਕੀਰਤਨ ਸਮੇਂ ਬਾਹਰ ਆ ਗਏ। ਸਰੋਵਰ ਕੰਢੇ ਬੈਠ ਇਕ ਨੌਜੁਆਨ ਨੂੰ ਸੰਥਿਆ ਦੇ ਰਹੇ ਸਨ। ਪੁਛਿਆ, ਮਾਸਟਰ ਜੀ ਕੀਰਤਨ ਚੋਂ ਆ ਗਏ ਹੋ? ਕਹਿਣ ਲੱਗੇ- ਐ ਕਾਕਾ ਕਹਿੰਦਾ ਸੀ ਮੇਰੇ ਕੋਲ ਏਹੋ ਹੀ ਵਕਤ ਹੈ ਫੇਰ ਮੈਂ ਟਵੀਸ਼ਨ ਪੜ੍ਹਨ ਜਾਣਾ ਹੈ- ਮੈਨੂੰ ਪਾਠ ਸਿਖਾ ਦਿਉ। ਆਪ ਨੇ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀਂ ਵਿਚ ਪੜ੍ਹਾਉਂਦਿਆ- ਬੱਚਿਆਂ ਨੂੰ ਆਦਿ ਅਤੇ ਦਸਮ ਗੁਰਬਾਣੀ ਪਾਠ ਦੇ ਸ਼ੁਧ ਉਚਾਰਨ ਦੇ ਨਾਲ-ਨਾਲ ਕਵੀਸ਼ਰੀ, ਹੱਲੇ ਦੇ ਦੀਵਾਨ ਵਾਰਾ ਅਤੇ ਕਥਾ ਕਰਨ ਵਾਲੇ ਬੱਚੇ ਵੀ ਤਿਆਰ ਕੀਤੇ।

ਮਾਸਟਰ ਜੀ ਦੇ ਜੀਵਨ ਦੇ ਦੋ ਵੱਡੇ ਕਾਰਜ ਹਨ। ਪਹਿਲਾ: ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਪਾਠ ਦੀ ਰਿਕਾਰਡਿੰਗ। ਇਹ ਵੱਡਾ ਕਾਰਜ 2006-7 ਵਿਚ ਆਪ ਨੇ ਇੰਗਲੈਂਡ ਸ. ਕਿਰਪਾਲ ਸਿੰਘ ਜੀ 'ਚਾਨਾ' ਪਾਸ ਜਾ ਕੇ ਕੀਤਾ। ਇਹ ਪਾਠ ਰਿਕਾਰਡਿੰਗ ਦਾ ਕਾਰਜ ਇਕ ਸਾਧਨਾ ਸੀ, ਤਪਸਿਆ ਸੀ, ਰਿਕਾਰਡਿੰਗ ਕਰਨ ਅਤੇ ਕਰਵਾਉਣ ਵਾਲੇ ਦੋਹਾਂ ਗੁਰਸਿਖਾਂ ਨੇ ਸਰਧਾ ਅਤੇ ਭਗਤੀ ਭਾਵ ਨਾਲ ਇਹ ਕਾਰਜ ਸੰਪੂਰਨ ਕੀਤਾ। (ਇਸ ਕਾਰਜ ਬਾਰੇ ਚਾਨਾ ਜੀ ਦਾ ਵੱਖਰਾ ਲੇਖ ਛਾਪ ਰਹੇ ਹਾਂ) ਸੰਨ 2008 ਵਿਚ ਇਸ ਸ਼ੁਧ ਪਾਠ ਦੀ ਰਿਕਾਰਡਿੰਗ ਦੇ MP3 ਦੇ ਸੈੱਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਰਿਲੀਜ਼ ਕਰਨ ਦੀ ਕਿਰਪਾ ਕੀਤੀ। ਪਾਠ ਏਨਾ ਸ਼ੁੱਧ ਅਤੇ ਸੁਰੀਲਾ ਹੈ ਕਿ ਜੀਅ ਕਰਦਾ ਹੈ ਸੁਣੀ ਹੀ ਜਾਈਏ। ਵਿਸ਼ੇਸ਼ ਕਰਕੇ ਪਾਠ ਸਿਖਣ ਵਾਲੇ ਪ੍ਰੇਮੀ ਸਿੱਖਾਂ ਲਈ ਵੀ ਬਹੁਤ ਲਾਹੇਵੰਦ ਹੈ, ਸੁਣ ਕੇ ਆਪਣੀਆਂ ਗਲਤੀਆਂ ਸੁਧਾਰੀਆਂ ਜਾ ਸਕਦੀਆਂ ਹਨ। ਦਸਮ ਗੁਰਬਾਣੀ ਦੇ ਪਾਠ ਦਾ ਵੱਖੋ-ਵੱਖ ਛੰਦਾਂ ਦਾ ਉਸੇ ਬਹਿਰ ਵਿਚ ਕੀਤਾ ਪਾਠ ਅਦਭੁੱਤ ਹੈ। ਜਿਸ ਕਾਵਿਕ-ਰਸ ਵਿਚ ਪ੍ਰਸੰਗ ਲਿਖੇ ਗਏ ਹਨ, ਪਾਠ ਸੁਣਦਿਆਂ ਉਹੋ, ਪ੍ਰੇਮ ਰਸ, ਵੈਰਾਗ ਰਸ, ਸ਼ਿੰਗਾਰ ਰਸ, ਬੀਰ ਰਸ ਆਦਿ ਰੂਪਮਾਨ ਹੋਏ ਜਾਪਦੇ ਹਨ। ਇਸ ਤੋਂ ਬਿਨਾਂ ਨਾਮਧਾਰੀ ਨਿਤਨੇਮ (ਪੋਥੀ) ਦੀਆਂ ਬਾਣੀਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਪਾਠ ਵੀ ਆਪ ਨੇ ਚਾਨਾ ਜੀ ਪਾਸ ਹੀ ਰਿਕਾਰਡ ਕਰਵਾਇਆ। ਗੁਰਬਾਣੀ ਪਾਠ ਦੇ ਅਰੰਭ ਵਿੱਚ ਆਪ ਵੱਲੋਂ ਰਿਕਾਰਡ ਹੋਈ (Introduction) ਮੁੱਢਲੀ ਜਾਣਕਾਰੀ ਆਦਿ ਅਤੇ ਦਸਮ ਗੁਰਬਾਣੀ ਬਾਰੇ ਅਤੇ ਗੁਰਬਾਣੀ ਉਚਾਰਨ ਬਾਰੇ ਖੋਜ ਪੱਤਰ ਹੀ ਹਨ। ਇਨ੍ਹਾਂ ਦੀਆਂ MP3 ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੇਲੇ ਹੀ ਰਿਲੀਜ਼ ਹੋਈਆਂ। ਸਲਾਨਾ ਨਾਮ-ਸਿਮਰਨ ਜਪ-ਪ੍ਰਯੋਗ (ਅੱਸੂ ਦੇ ਮੇਲੇ) ਸਮੇਂ ਆਪ ਭਾਈ ਸੰਤੋਖ ਸਿੰਘ ਜੀ ਵਾਲੇ ਗ੍ਰੰਥ 'ਸਤਿਗੁਰੂ ਬਿਲਾਸ' ਦੀ ਕਥਾ ਅਤੇ ਸੰਤ ਤਰਨ ਸਿੰਘ ਜੀ

ਵਹਿਮੀ ਰਚਿਤ 'ਜੱਸ ਜੀਵਨ' ਦੀ ਕਥਾ ਵੀ ਕਰਿਆ ਕਰਦੇ ਸਨ। ਇਹ ਸਾਰੀਆਂ ਰਿਕਾਰਡਿੰਗ ਨਾਮਧਾਰੀ ਐਪ 'ਰਾਗ ਨਾਦ' ਤੇ ਸੁਣੀਆਂ ਜਾ ਸਕਦੀਆਂ ਹਨ। ਗੁਰਬਾਣੀ ਪਾਠ ਅਤੇ ਵਾਰਤਕ ਦੇ ਗ੍ਰੰਥਾਂ ਦੀ ਕਥਾ ਦੇ ਉਚਾਰਨ ਵਿਚ ਮਾਸਟਰ ਜੀ ਦਾ ਉਚਾਰਨ ਏਨਾਂ ਸਰਲ ਅਤੇ ਸੁਰੀਲਾ ਹੈ ਕਿ ਕਿਸੇ ਵਾਕ ਨੂੰ ਸਮਝਣ ਲਈ ਦਿਮਾਗ ਤੇ ਬੋਝ ਨਹੀਂ ਪੈਂਦਾ, 'ਭਾਵ ਹਿਰਦੇ ਵਿਚ ਉਤਰਦੇ ਜਾਂਦੇ ਹਨ। ਵਿਸ਼ੇਸ਼ ਕਰਕੇ ਸਤਿਗੁਰੂ ਬਿਲਾਸ ਅਤੇ ਜੱਸ ਜੀਵਨ ਆਪ ਪੜ੍ਹਨ ਦਾ ਏਨਾਂ ਅਨੰਦ ਨਹੀਂ ਆਉਂਦਾ ਜਿਨ੍ਹਾਂ ਮਾਸਟਰ ਜੀ ਦੀ ਰਿਕਾਰਡਿੰਗ ਸੁਨਣ ਦਾ ਅਨੰਦ ਆਉਂਦਾ ਹੈ।

ਮਾਸਟਰ ਜੀ ਨੂੰ ਆਦਿ ਅਤੇ ਦਸਮ ਗੁਰਬਾਣੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸ੍ਵੈਯੇ ਅਤੇ ਸਿੱਖ ਇਤਿਹਾਸ ਦੇ ਗ੍ਰੰਥਾਂ ਦਾ ਵਸੀਹ ਗਿਆਨ ਸੀ। ਸੁਆਮੀ ਬ੍ਰਹਮ ਦੇਵ ਜੀ ਅਤੇ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਅਰਬੀ-ਫਾਰਸੀ ਦੇ ਵਿਦਵਾਨ ਬਾਬਾ ਗੁਰਿੰਦਰ ਸਿੰਘ ਜੀ ਵਰਗੇ ਗੁਣੀ ਗਿਆਨੀ ਵੀ ਮਾਸਟਰ ਜੀ ਦੇ ਕਦਰਦਾਨ ਅਤੇ ਪ੍ਰਸ਼ੰਸਕ ਸਨ।

ਮਾਸਟਰ ਜੀ ਦਾ ਜੀਵਨ ਦਾ ਦੂਸਰਾ ਵੱਡਾ ਕਾਰਜ ਹੈ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਦੋਵੇਂ ਸੈਂਚੀਆਂ ਦੀ ਸੁਧਾਈ। ਕਿਉਂਕਿ ਦਸਮ ਗੁਰਬਾਣੀ ਦੀਆਂ ਪ੍ਰਾਪਤ ਬੀੜਾਂ ਵਿਚ ਪਾਠ ਭੇਦ ਬਹੁਤ ਹਨ ਕੁਝ ਬਾਣੀਆਂ ਦਾ ਵੀ ਫਰਕ ਹੈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਪਿਛਲੇ ਪੰਜ ਕੁ ਸਾਲਾਂ ਤੋਂ ਮਾਸਟਰ ਜੀ ਅਤੇ ਸੰਤ ਨਿਸ਼ਾਨ ਸਿੰਘ ਜੀ ਇਸ ਕਾਰਜ ਤੇ ਮੇਹਨਤ ਕਰ ਰਹੇ ਸਨ। ਵੱਖੋ-ਵੱਖ ਛਪੀਆਂ ਸੈਂਚੀਆਂ, ਟੀਕੇ, ਸ਼ਬਦਾਰਥ ਆਦਿ ਦੀ ਸਹਾਇਤਾ ਨਾਲ ਭਾਵ-ਅਰਥ ਦੇ ਹਿਸਾਬ ਨਾਲ ਠੀਕ ਲਗ ਮਾਤ੍ਰਾਂ ਅਤੇ ਠੀਕ ਪਦ-ਛੇਦ ਕਰਨਾ। ਇਸ ਕਾਰਜ ਨੂੰ ਵੱਧ ਤੋਂ ਵੱਧ ਸ਼ੁੱਧ ਅਤੇ ਸਰਵ ਪ੍ਰਮਾਣਿਕ ਸੈਂਚੀਆਂ ਤਿਆਰ ਕਰਨ ਲਈ ਆਪ ਸਿੱਖ-ਸਮਾਜ ਦੇ ਵਿਦਵਾਨਾਂ: ਨਿਹੰਗਾਂ, ਨਿਰਮਲਿਆਂ ਅਤੇ ਉਦਾਸੀ ਗੁਣੀ-ਜਨਾਂ ਪਾਸ ਵੀ ਜਾਂਦੇ ਰਹੇ। ਕਰੜੀ ਘਾਲਣਾ ਉਪਰੰਤ ਦਸਮ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਸੈਂਚੀ ਤਿਆਰ ਕਰਕੇ 2019 ਦੇ ਹੋਲੇ ਮਹੱਲੇ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਰਿਲੀਜ਼ ਕੀਤੀ। ਦੂਸਰੀ ਸੈਂਚੀ ਦਾ ਕੁਛ ਕਾਰਜ ਅਜੇ ਅਧੂਰਾ ਸੀ ਵਿਸ਼ੇਸ਼ ਕਰਕੇ ਜ਼ਫਰਨਾਮੇ ਦਾ ਜਿਸ ਵਾਸਤੇ ਅਰਬੀ-ਫਾਰਸੀ ਦੇ ਵਿਦਵਾਨ ਬਾਬਾ ਗੁਰਿੰਦਰ ਸਿੰਘ ਜੀ ਪਾਸ ਮਾਸਟਰ ਜੀ ਕਈ ਵੇਰ ਗਏ ਪੂਰੇ-ਪੂਰੇ ਦਿਨ ਦੀ ਬੈਠਕ ਹੋਣੀ। ਜੁਲਾਈ 2019 ਵਿਚ ਸ੍ਰੀ ਸਤਿਗੁਰੂ ਜੀ ਦਾ ਕੈਨੇਡਾ- ਅਮਰੀਕਾ ਦੌਰਾ ਸੀ। ਮਾਸਟਰ ਜੀ ਦਾ ਵੀ ਨਾਲ ਜਾਣ ਦਾ ਪ੍ਰੋਗਰਾਮ ਸੀ। ਆਪ ਨੇ ਅਰਜ਼ ਕੀਤੀ ਕਿ ਐਹ ਕਾਰਜ ਸੰਪੂਰਨ ਕਰ ਲਵਾਂ।

ਕਈ ਵੇਰ ਆਖਣਾ ਸ੍ਰੀਰ ਦਾ ਕੋਈ ਪਤਾ ਨਹੀਂ, ਸੱਚੇਪਾਤਸ਼ਾਹ ਕਿਰਪਾ ਕਰਨ ਦਸਮ ਦਾ ਕਾਰਜ ਪੂਰਾ ਹੋ ਜਾਵੇ। ਦਿਲ ਦਾ ਦੌਰਾ ਪੈਣ ਤੋਂ ਦੋ ਦਿਨ ਪਹਿਲਾਂ ਹੀ ਮਾਸਟਰ ਜੀ ਦਸਮ ਗੁਰਬਾਣੀ ਦੀ ਦੂਸਰੀ ਸੈਂਚੀ ਦੀ ਸੁਧਾਈ ਮੁਕੰਮਲ ਕਰ ਲਈ। ਆਪ ਦੀ ਇੱਛਾ ਸੀ ਕਿ ਹੁਣ ਇਨ੍ਹਾਂ ਸੈਂਚੀਆਂ ਤੋਂ ਮੈਂ ਦੁਬਾਰਾ ਦਸਮ ਗੁਰਬਾਣੀ ਦੀ ਰਿਕਾਰਡਿੰਗ ਕਰਵਾ ਦਿਆਂ ਪਰ ਹੋਣੀ ਨੂੰ ਇਹ ਮੰਨਜ਼ੂਰ ਨਹੀਂ ਸੀ।

"ਖਿਮਾ, ਗਰੀਬੀ, ਬੰਦਗੀ, ਇਹ ਸੰਤਨ ਰੀਤ।" ਅਨੁਸਾਰ ਸਚਮੁੱਚ ਹੀ ਮਾਸਟਰ ਜੀ ਦੇ ਸੁਭਾਅ ਵਿਚ ਸਾਧੂਆਂ ਵਾਲੇ ਗੁਣ ਸਨ। ਕਦੇ ਕਿਸੇ ਨਾਲ ਉੱਚੀ ਬੋਲਦਿਆਂ ਨਹੀਂ ਵੇਖਿਆ। ਇਕ ਵੇਰ ਕਲਾਸ ਵਿਚ ਬੱਚਿਆਂ ਨੂੰ ਸੰਥਿਆ ਨਾ ਯਾਦ ਕਰਨ ਕਰਕੇ ਕੁਝ ਸਜਾ ਦੇ ਬੈਠੇ। ਉਸ ਸਜਾ ਨੇ ਬੱਚਿਆਂ ਨਾਲੋਂ ਵੱਧ ਮਾਸਟਰ ਜੀ ਨੂੰ ਦੁਖੀ ਕਰ ਦਿੱਤਾ। ਥੋੜੇ ਚਿਰ ਬਾਅਦ ਬੱਚਿਆਂ ਪਾਸ ਜਾ ਕੇ ਰੋਣ ਲੱਗ ਗਏ, ਬੱਚਿਆਂ ਤੋਂ ਮਾਫੀ ਮੰਗੀ ਕਿ ਮੈਂ ਤੁਹਾਨੂੰ ਸਜਾ ਦੇ ਬੈਠਾ ਹਾਂ। ਇਹੋ ਕਾਰਣ ਹੈ ਕਿ ਮਾਸਟਰ ਜੀ ਦੇ ਸਿਖਿਆਰਥੀ ਆਪ ਦਾ ਦਿਲੋਂ ਸਤਿਕਾਰ ਕਰਦੇ ਹਨ। ਆਪ ਕੇਵਲ ਗੁਰਬਾਣੀ ਪਾਠ ਹੀ ਨਹੀਂ ਸਨ ਕਰਦੇ, ਗੁਰਬਾਣੀ ਅਨੁਸਾਰ ਜੀਵਨ ਜਿਊਂਦੇ ਵੀ ਸਨ। ਸਤਿਗੁਰੂ ਰਾਮ ਸਿੰਘ ਜੀ ਰਹਿਤਨਾਮੇਂ ਦੇ ਸ਼ਬਦ ਹਨ "ਹੋਰ ਜੀ ਕਿਸੇ ਨੇ ਮੰਦਾ ਫਿੱਕਾ ਨਹੀਂ ਬੋਲਣਾ, ਖਿਮਾ ਰੱਖਣੀ, ਬੋਲ ਕਬੋਲ ਸਹਿ ਜਾਣਾ ਸਭਦਾ" ਅਤੇ ਇਕ ਹੋਰ ਹੁਕਮਨਾਮੇਂ ਦੇ ਸ਼ਬਦ ਹਨ "ਖਿਮਾ ਧੀਰਜ ਵਾਲਿਆਂ ਦੇ ਗੁਰੂ ਅੰਗ ਸੰਗ ਹੈ।" ਇਹ ਗੁਰ- ਉਪਦੇਸ਼ ਮਾਸਟਰ ਜੀ ਨੇ ਹਿਰਦੇ ਵਿਚ ਵਸਾਏ ਹੋਏ ਸਨ ਅਤੇ ਆਪ ਦੇ ਜੀਵਨ ਦਾ ਹਿੱਸਾ ਸਨ। ਇਕ ਵਾਰ ਇਕ ਸਾਥੀ ਸੱਜਣ ਨਾਲ ਗੁਰਬਾਣੀ ਵਿਚਾਰ ਕਰ ਰਹੇ ਸਨ, ਉਹ ਸੱਜਣ ਕੁਝ ਕਰੜੇ ਸੁਭਾਅ ਦਾ ਸੀ, ਆਪਣੀ ਦਲੀਲ ਠੀਕ ਸਿੱਧ ਨਾ ਹੁੰਦੀ ਵੇਖ ਗੁੱਸੇ 'ਚ ਆ ਗਿਆ, ਮਾਸਟਰ ਜੀ ਨੂੰ ਕਾਫੀ ਮੰਦਾ ਫਿੱਕਾ ਬੋਲਿਆ, ਵਧੀਆ ਤਸੱਲੀ ਨਾਲ ਗਾਲ੍ਹਾਂ ਵੀ ਕੱਢੀਆਂ। ਮਾਸਟਰ ਜੀ ਚੁੱਪ ਕਰ ਗਏ। ਜੇਹੜਾ ਹੋਰ ਮਾਸਟਰ ਜੀ ਦਾ ਸਾਥੀ ਨਾਲ ਸੀ ਉਸ ਕਿਹਾ "ਮਾਸਟਰ ਜੀ ਤੁਸੀਂ ਚੁੱਪ ਕਰ ਕੇ ਬੇਇੱਜ਼ਤੀ ਕਰਵਾ ਲਈ ਹੈ। ਕੁਝ ਤੇ ਹਿੰਮਤ ਕਰਦੇ।" ਮਾਸਟਰ ਜੀ ਕਹਿਣ ਲੱਗੇ- ਮੈਂ ਸੋਚਿਆ ਹੈ ਕਿ ਮੇਰੀ ਇਹੋ ਔਕਾਤ ਹੈ, ਇਹ ਤੇ ਸਤਿਗੁਰੂ ਸੱਚੇਪਾਤਸ਼ਾਹ ਦੀ ਰਹਿਮਤ ਹੈ ਕਿ ਏਨਾਂ ਮਾਣ ਬਖਸ਼ਦੇ ਹਨ। ਇਸ ਤੋਂ ਬਿਨਾਂ ਮੈਂ ਇਹ ਵੀ ਸੋਚਦਾ ਹਾਂ ਕਿ ਏਨੀ ਸੰਗਤ, ਹਜ਼ਾਰਾ ਸਿੱਖ ਮੈਨੂੰ ਏਨਾਂ ਮਾਣ ਦੇਂਦੇ ਹਨ, ਇੱਜਤ ਕਰਦੇ ਹਨ ਜੇ ਇਕ ਸੱਜਣ ਨੇ ਗਾਲ੍ਹਾਂ ਕੱਢ ਵੀ ਲਈਆਂ ਤਾਂ ਉਹ ਏਨੇ ਮਾਣ-ਸਨਮਾਣ ਦੇ ਕਿਤੇ ਪਾਸਕੂ ਵੀ ਨਹੀਂ। ਇਸ ਤਰ੍ਹਾਂ ਸੋਚ ਕੇ ਉਸ ਹੋਈ

ਬੇਇਜ਼ਤੀ ਦਾ ਮੈਨੂੰ ਕੋਈ ਦੁੱਖ ਨਹੀਂ।

ਮਾਸਟਰ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੀ ਦਰਸ਼ਨ ਕੀਤੇ ਸਨ। ਲੰਮਾਂ ਸਮਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਸਰਣ ਦਾ ਅਨੰਦ ਮਾਣਿਆ ਅਤੇ ਸਤਿਗੁਰੂ ਉਦੇ ਸਿੰਘ ਜੀ ਪ੍ਰਤੀ ਵੀ ਸਰਧਾ ਭਾਵਨਾ ਤੋੜ ਨਿਭਾਈ। ਆਪ ਆਖਿਆ ਕਰਦੇ ਸਨ ਕਿ ਵਰਤਮਾਨ ਗੱਦੀ ਨਸ਼ੀਨ ਸਤਿਗੁਰੂ ਵਿਚ ਪਹਿਲੇ ਸਾਰੇ ਸਤਿਗੁਰੂ ਸਾਹਿਬਾਨ ਦੀਆਂ ਸ਼ਕਤੀਆਂ ਆ ਜਾਂਦੀਆਂ ਹਨ ਕਿਉਂਕਿ 'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ'- ਅਨੁਸਾਰ ਕੇਵਲ ਦੇਹ ਬਦਲਦੀ ਹੈ, ਜੋਤਿ ਅਤੇ ਜੁਗਤਿ ਉਹੋ ਹੁੰਦੀ ਹੈ 'ਰੱਬੀ ਜੋਤ'। ਇਸ ਲਈ ਆਪਦਾ ਇਕ ਸੁਭਾਅ ਸੀ ਕਿ ਸਤਿਗੁਰੂ ਸੱਚੇਪਾਤਸ਼ਾਹ ਦੇ ਬਚਨ ਅੱਗੇ ਆਪਣੀ ਸੋਚ ਜਾਂ ਦਲੀਲ ਨਹੀਂ ਸਨ ਰੱਖਦੇ, ਹਮੇਸ਼ਾ 'ਸਤਿ ਬਚਨ' ਮੰਨਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਵੇਲੇ ਅਤੇ ਉਸਤੋਂ ਬਾਅਦ ਵੀ ਸੰਗਤ ਵਿਚ ਅਰਦਾਸ ਕਰਦਿਆਂ ਮਾਸਟਰ ਜੀ ਨੂੰ ਵੇਖਿਆ ਹੈ ਕਿ ਹਾਜ਼ਰਾ-ਹਜ਼ੂਰ ਸਤਿਗੁਰੂ ਦਾ ਨਾਮ ਲੈਣ ਸਮੇਂ ਥੋੜਾ ਜਿਹਾ ਸੀਸ ਝੁਕਾਉਂਦੇ ਸਨ ਜਿਵੇਂ ਸਨਮੁਖ ਹਾਜ਼ਰ ਸਮਝਦੇ ਹੋਣ।

ਗੁਰਮਤਿ ਦਾ ਸਾਰ ਆਪਦੇ ਜੀਵਨ ਹਿੱਸਾ ਸੀ। ਰਜ਼ਾ 'ਚ ਰਾਜ਼ੀ ਰਹਿਣਾ ਆਪ ਦਾ ਸਹਿਜ ਸੁਭਾਅ ਸੀ। ਆਪ ਦਾ ਆਪਣੀ ਧਰਮ ਪਤਨੀ ਨਾਲ ਬੜਾ ਪ੍ਰੇਮ ਸੀ ਪਰ ਜਦੋਂ ਉਹ ਬੀਬੀ 2005 ਵਿਚ ਚਲਾਣਾ ਕਰ ਗਈ, ਆਪ ਨੇ ਇਸ ਭਾਣੇ ਨੂੰ ਮਿੱਠਾ ਕਰਕੇ ਮੰਨਿਆ। 2018 ਵਿਚ ਆਪ ਦਾ ਪੁੱਤਰ ਹਰਦੀਪ ਸਿੰਘ ਝੜਾਈ ਕਰ ਗਿਆ ਤਦ ਵੀ ਮਾਸਟਰ ਜੀ ਬਿਲਕੁਲ ਡੋਲੇ ਨਹੀਂ, ਬੜੇ ਸਹਿਜ ਰਹੇ। ਇੱਕ ਕਥਾ ਹੈ, ਸਤਿਗੁਰੂ ਰਾਮ ਸਿੰਘ ਜੀ ਨੂੰ ਸਿੱਖਾਂ ਅਰਜ਼ ਕੀਤੀ ਕਿ ਆਪ ਕਿਸ ਤੇ ਰਾਜ਼ੀ ਰਹਿੰਦੇ ਹੋ? ਸੱਚੇਪਾਤਸ਼ਾਹ ਬਚਨ ਕੀਤਾ "ਜੋ ਰਜ਼ਾ ਵਿਚ ਰਾਜ਼ੀ ਰਹੇ।" ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲੇ ਮਾਸਟਰ ਦਰਸ਼ਨ ਸਿੰਘ ਜੀ ਵਰਗੇ ਸਿੱਖ ਹੀ ਗੁਰ-ਦਰ ਪ੍ਰਵਾਨ ਹੁੰਦੇ ਹਨ ਅਤੇ 'ਲੋਕ ਸੁਖੀਏ, ਪ੍ਰਲੋਕ ਸੁਹੇਲੇ' ਦੀ ਅਵਸਥਾ ਨੂੰ ਪ੍ਰਾਪਤ ਕਰਦੇ ਹਨ।

ਨਾਮਧਾਰੀ ਪੰਥ ਵਿੱਚ ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ ਦੇ ਵਾਰੇ ਵਾਲੇ ਜਥੇ ਤੋਂ ਬਾਅਦ ਸੰਤ ਨਗਰ ਦਾ ਵਾਰੇ ਵਾਲਾ ਜਥਾ ਪ੍ਰਸਿੱਧ ਸੀ ਜਿਸ ਵਿਚ ਸੰਤ ਦਲੀਪ ਸਿੰਘ, ਸੰਤ ਬਲੀ ਸਿੰਘ (ਰਾਮਪੁਰ) ਸੰਤ ਗੁਰਮੁਖ ਸਿੰਘ (ਢਲਕਈਏ) ਜਥੇਦਾਰ ਮੇਵਾ ਸਿੰਘ ਅਤੇ ਮਾਸਟਰ ਦਰਸ਼ਨ ਸਿੰਘ ਆਦਿ ਸਨ। ਮਾਸਟਰ ਜੀ ਇਸ ਜਥੇ ਦੇ ਧ੍ਰੂ-ਤਾਰੇ ਵਾਂਗ ਹੁੰਦੇ, ਗੁਰਬਾਣੀ ਏਨੀ ਕੰਠ ਕਿ ਕੀਰਤਨ ਸਮੇਂ ਪ੍ਰਮਾਣ ਤੇ ਪ੍ਰਮਾਣ ਅਤੇ ਜਦੋਂ ਕਦੇ ਇਸ ਜਥੇ ਨੇ ਸ੍ਰੀ ਸਤਿਗੁਰੂ

ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਵਾਰਾ ਲਾਉਣਾ ਤਾਂ ਸ੍ਰੀ ਸਤਿਗੁਰੂ ਜੀ ਦੇ ਨਾਲ ਮਹਾਰਾਜ ਬੀਰ ਸਿੰਘ ਜੀ, ਪੰਚਮ ਸੁਰਾਂ ਤੇ ਗਾਉਣ ਵਾਲੇ ਸੰਤ ਬਲਕਾਰ ਸਿੰਘ ਜੀ, ਜਥੇਦਾਰ ਗਿਆਨ ਸਿੰਘ ਜੀ ਵੀਰੋਕਿਆਂ ਵਾਲੇ ਵੀ ਸ਼ਾਮਲ ਹੁੰਦੇ ਤਾਂ ਕੀਰਤਨ ਦਾ ਰਸ ਕਹਿਣ-ਕਥਨ ਤੋਂ ਬਾਹਰ 'ਦੇਖਾ ਹੀ ਪ੍ਰਵਾਨ' ਕਿਹਾ ਜਾ ਸਕਦਾ ਸੀ। 1983 ਈ. ਅੱਸੂ ਦੇ ਮੇਲੇ ਦੇ ਭੋਗ ਵਾਲੇ ਦਿਨ ਦੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਵਾਰੇ ਦੀ ਇਸ ਜਥੇ ਦੀ ਇਕ ਆਡੀਓ ਰਿਕਾਰਡਿੰਗ ਹੈ ਜੋ ਅੱਜ ਵੀ ਸੁਣਕੇ ਸ੍ਰੋਤੇ ਕਿਸੇ ਮਸਤੀ ਦੇ ਆਲਮ ਵਿਚ ਪੁੱਜ ਜਾਂਦੇ ਹਨ। ਸੰਨ 1979 ਵਿਚ ਦਮਦਮਾ (ਸਿਰਸਾ) ਵਿਖੇ ਸ਼ੁਧ ਗੁਰਬਾਣੀ ਪਾਠ ਮੁਕਾਬਲੇ ਵਿਚ ਮਾਸਟਰ ਜੀ ਨੂੰ ਪਹਿਲਾ ਇਨਾਮ ਦੇ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਿਵਾਜਿਆ।1990 ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਆਪਦੇ ਗੁਰਬਾਣੀ ਸਿਖਿਆ ਦੇ ਕਾਰਜਾਂ ਲਈ ਆਪ ਨੂੰ ਸਨਮਾਨ ਬਖਸ਼ਿਆ। ਵਰਤਮਾਨ ਸਤਿਗੁਰੂ ਜੀ ਦੇ ਕਰ ਕੰਵਲਾਂ ਤੋਂ ਵੀ ਆਪ ਨੂੰ ਮਾਣ ਸਨਮਾਣ ਪ੍ਰਾਪਤ ਹੋਏ। ਮਾਸਟਰ ਜੀ ਧੀਆਂ, ਪੁੱਤਰਾਂ, ਪੋਤਰਿਆਂ, ਪੋਤਰੀਆਂ, ਦੋਹਤਰਿਆਂ ਵਾਲੇ ਵੱਡੇ ਪ੍ਰਵਾਰ ਵਾਲੇ ਹੁੰਦਿਆਂ ਹੋਇਆਂ ਵੀ ਜਲ ਵਿਚ ਕਮਲ ਦੀ ਤਰ੍ਹਾਂ ਨਿਰਲੇਪ ਰਹੇ। ਮਨ ਕਰਕੇ ਪ੍ਰਵਾਰ ਨਾਲ ਨਹੀਂ ਸਤਿਗੁਰੂ ਸੱਚੇਪਾਤਸ਼ਾਹ ਨਾਲ ਅਤੇ ਸੰਗਤ ਨਾਲ ਜੁੜੇ ਰਹੇ।

ਮਾਸਟਰ ਦਰਸ਼ਨ ਸਿੰਘ ਜੀ ਮਿਲਾਪੜੀ, ਨਿੱਘੀ ਅਤੇ ਹਰਮਨ ਪਿਆਰੀ ਸ਼ਖ਼ਸੀਅਤ ਸਨ, ਆਪ ਦਾ ਦਰਮਿਆਨਾ ਕੱਦ, ਗੋਰਾ ਰੰਗ, ਸਫੈਦ ਗੋਲ ਦਾਹੜਾ, ਸਾਦਾ ਗੁਰਮੁਖੀ ਪਹਿਰਾਵਾ, ਚਾਲ ਵਿਚ ਮਸਤ ਰਵਾਨਗੀ, ਮਨ-ਮਸਤਕ ਵਿਚ ਗੁਰਬਾਣੀ ਗਿਆਨ, ਰਸਨਾ ਤੇ ਨਾਮ, ਹਿਰਦੇ ਵਿਚ ਗੁਰ ਮੂਰਤਿ ਅਤੇ ਮੁੱਖ ਮੰਡਲ ਤੇ ਧੀਰਜ, ਸ਼ਾਂਤੀ ਅਤੇ ਮੁਸਕਾਨ। ਨਾ ਕਿਸੇ ਤੋਂ ਅੱਗੇ ਲੰਘਣ ਦੀ ਲਾਲਸਾ, ਨਾ ਕਿਸੇ ਨੂੰ ਪਛਾੜਨ ਦੀ ਸੋਚ, ਵੱਡਿਆਂ-ਛੋਟਿਆਂ ਸਭ ਲਈ ਪਿਆਰ ਅਤੇ ਸਤਿਕਾਰ ਭਰੇ ਮਿੱਠੇ ਬੋਲ, ਨਿਰਲੇਪ ਗ੍ਰਿਸਹਤੀ, ਕਿਰਤੀ, ਉੱਦਮੀ ਅਤੇ ਸਫਲ ਅਧਿਆਪਕ ਜਿਨ੍ਹਾਂ ਨੂੰ ਗਿਆਨ ਵੰਡਣ ਦਾ ਚਾਅ ਅਤੇ ਗੁਰ ਦਰ ਪ੍ਰਵਾਨ ਹੋਣ ਦੀ ਰੀਝ ਸੀ, ਕੀਰਤਨ ਦੇ ਰਸੀਏ, ਵਾਰੇ ਦੀ ਸ਼ਾਨ, ਗੁਰਬਾਣੀ ਦਾ ਸ਼ੁੱਧ ਉਚਾਰਨ ਕਰਨ ਵਾਲੇ ਰਸੀਲੇ ਪਾਠੀ, ਵਿਧਵਤਾ ਅਤੇ ਨਿਰਮਾਣਤਾ ਦਾ ਮੁਜੱਸਮਾ, ਸ੍ਰੀ ਭੈਣੀ ਸਾਹਿਬ ਨੂੰ ਆਪਣਾ ਘਰ, ਸਾਧ ਸੰਗਤ ਨੂੰ ਪ੍ਰਵਾਰ ਅਤੇ ਆਪਣੇ ਸਤਿਗੁਰੂ ਨੂੰ ਮਾਤ-ਪਿਤਾ ਸਮਝਣ ਵਾਲੇ-

ਨਾਮਧਾਰੀ ਪੰਥ ਦੇ ਅਨਮੋਲ ਰਤਨ ਸਨ- ਮਾਸਟਰ ਦਰਸ਼ਨ ਸਿੰਘ ਜੀ

-ਸੰਪ:94176-01321

ਸ਼ਾਂਤ ਚਿੱਤ ਮਾਸਟਰ ਦਰਸ਼ਨ ਸਿੰਘ ਜੀ

–ਮਾ. ਅਮਰੀਕ ਸਿੰਘ

ਫੁੱਲ ਖਿੜੇ ਨੂੰ ਜੜ ਦੀ ਮਿੱਟੀ ਨੇ ਕਿਹਾ
ਸੁਹਜ ਤੇਰੇ ਵਿਚ ਮੇਰਾ ਵੀ ਕੁਝ ਹੱਥ ਹੈ।

ਮੇਰਾ ਤੇ ਮਾਸਟਰ ਦਰਸ਼ਨ ਸਿੰਘ ਜੀ ਦਾ ਅੱਧੀ ਸਦੀ ਤੋਂ ਵੀ ਵੱਧ ਸਾਥ ਰਿਹਾ ਏ ਏਸ ਲੰਮੇ ਅਰਸੇ ਵਿਚ ਮੈਂ ਉਹਨਾਂ ਨੂੰ ਕਿਸੇ ਨਾਲ ਗੁੱਸੇ ਹੁੰਦਿਆਂ ਨਹੀਂ ਵੇਖਿਆ, ਮੱਥੇ ਤੇ ਤਿਓੜੀ ਤਾਂ ਮੇਰਾ ਖਿਆਲ ਏ ਕਦੇ ਵੀ ਕਿਸੇ ਨਹੀਂ ਵੇਖੀ ਹੋਣੀ।

ਚੰਗੀ ਤਰ੍ਹਾਂ ਯਾਦ ਏ ਜਦੋਂ ਇਹਨਾਂ ਨੇ (ਮਾਸਟਰ ਜੀ ਨੇ) ਸਕੂਲੀ ਪੜ੍ਹਾਈ ਕਰ ਲਈ ਤਾਂ ਨਹਿਰੀ ਮਹਿਕਮੇ ਵਿਚ ਇਕ ਛੋਟੀ ਜਹੀ ਨੌਕਰੀ ਕਰ ਲਈ। ਓਦੋਂ ਇਹ ਸਿਰਸਾ ਵਿਚ ਹੀ ਰਹਿ ਰਹੇ ਸਨ। ਇਕ ਦਿਨ ਇਹਨਾਂ ਦੇ ਪਿਤਾ ਜੀ ਸੰਤ ਸਰਦੂਲ ਸਿੰਘ ਜੀ ਜੋ ਮੇਰੇ ਪਿਤਾ ਜੀ ਸੰਤ ਕਰਤਾਰ ਸਿੰਘ ਜੀ ਨੂੰ ਮਿਲਨ ਆਇਆਂ ਕਹਿਣ ਲੱਗੇ ਭਰਾ ਜੀ! ਮੇਰੇ ਕਾਕੇ (ਦਰਸ਼ਨ ਸਿੰਘ) ਨੂੰ ਰੁਜ਼ਗਾਰ ਤਾਂ ਮਿਲ ਗਿਆ ਪਰ ਮੈਂ ਚਾਹਨਾ ਇਹ ਸਾਧ ਸੰਗਤ ਦੇ ਸੰਪਰਕ ਵਿਚ ਰਹੇ; ਮੈਂ ਵੀ ਕੋਲ ਬੈਠਾ ਸਾਂ।

ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਆਰੰਭ ਹੋ ਚੁੱਕਾ ਸੀ ਤੇ ਮੇਰੀ ਡਿਊਟੀ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਓਥੇ ਲਾਈ ਸੀ। ਮੈਂ ਸਵੇਰੇ ਵਿਦਿਆਲੇ ਵਿਚ ਇਹਨਾਂ ਬਾਰੇ ਮਾ. ਨਿਹਾਲ ਸਿੰਘ ਜੀ ਨਾਲ ਗੱਲ ਕੀਤੀ ਜਿਹਨਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ਵਿਦਿਆਲੇ ਸਦ ਕੇ ਅਧਿਆਪਕ ਲਾ ਲਿਆ।

ਬੱਸ ਵਿਦਿਆਲੇ ਵਿਚ ਹੀ ਇਹਨਾਂ ਦੇ ਗੁਣ–ਉਘੜਣੇ ਸ਼ੁਰੂ ਹੋ ਗਏ। ਬਹੁਤ ਥੋੜੀ ਪੜ੍ਹਾਈ ਹੁੰਦਿਆਂ ਵੀ ਮੈਥ ਸਬਜੈਕਟ ਉਚੀਆਂ ਕਲਾਸਾਂ ਤੱਕ ਪੜ੍ਹਾ ਕੇ ਸਫਲ ਕੀਤਾ ਵਿਦਿਆਰਥੀਆਂ ਨੂੰ। ਅਸਾਂ ਦੋਹਾਂ ਹੀ ਵਿਦਿਆਲੇ ਦੀ ਉਨਤੀ ਲਈ ਅਣਥੱਕ ਮਿਹਨਤ ਕੀਤੀ।

ਸ੍ਰੀ ਸਤਿਗੁਰੂ ਜੀ ਨੇ ਇਹਨਾਂ ਦਾ ਆਦਿ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਸੁਣਿਆ ਤਾਂ ਉਹਨਾਂ ਨੇ ਹੁਕਮ ਕੀਤਾ ਕਿ ਤੁਸੀਂ ਸ੍ਰੀ ਭੈਣੀ ਸਾਹਿਬ ਚੱਲੋ। ਪਰਵਾਰਿਕ ਮਜਬੂਰੀ ਕਰਕੇ ਇਹਨਾਂ ਨੇ ਨਾਂਹ ਕਰ ਦਿੱਤੀ ਪਰ ਜਵਾਹਰੀ ਨੂੰ ਜਦੋਂ ਲਾਲ ਦਾ ਪਤਾ ਲੱਗ ਜਾਏ ਉਹ ਕੀਮਤੀ ਹੀਰੇ ਨੂੰ ਨਹੀਂ ਛੱਡਦਾ।

ਮੈਂ ਤੇ ਮਾਸਟਰ ਨਿਹਾਲ ਸਿੰਘ ਜੀ ਨੇ ਆਪ ਨੂੰ ਸਤਿਗੁਰੂ ਜੀ ਦੇ ਹੁਕਮ ਤੇ ਚਲਣ ਲਈ ਅਰਜ਼ ਕੀਤੀ। ਸੋ ਮਾ. ਦਰਸ਼ਨ ਸਿੰਘ ਜੀ ਮੰਨ ਗਏ ਤੇ ਸ੍ਰੀ ਭੈਣੀ ਸਾਹਿਬ ਜਾ ਡੇਰਾ ਲਾਇਆ। ਸਾਰੇ ਪੰਥ ਨੂੰ ਪਤਾ ਹੈ ਕਿ ਸ੍ਰੀ ਭੈਣੀ ਸਾਹਿਬ ਰਹਿ ਕੇ ਉਹਨਾਂ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਕਰਨਾ ਸੰਗਤ ਨੂੰ ਦੱਸਿਆ ਹੀ ਨਹੀਂ ਸਗੋਂ ਏਸ ਪਾਠ ਦੇ ਮੁਢਲੇ ਅਸੂਲਾਂ ਦਾ ਢੰਗ, ਸ਼ੁੱਧ ਉਚਾਰਨ ਤੇ ਸਹੀ ਪਾਠ ਕਰਨ ਦਾ ਤਰੀਕਾ ਹਜ਼ਾਰਾ ਪਾਠੀਆਂ ਨੂੰ ਸਿਖਾਇਆ।

ਏਨਾਂ ਲੰਮਾਂ ਅਰਸਾ ਸ੍ਰੀ ਭੈਣੀ ਸਾਹਿਬ ਵਿਚ ਉਹ ਪਾਣੀ ਉਤੇ ਕੰਵਲ ਵਾਂਗ ਰਹੇ। ਕਦੀ ਕਿਸੇ ਵਾਦ ਵਿਵਾਦ ਵਿਚ ਨਹੀਂ ਪਏ। ਜਦੋਂ ਵੀ ਗਲ ਹੋਣੀ ਉਹਨਾਂ ਨੇ ਕਹਿਣਾ ਮੇਰੇ ਨਾਲ ਤਾਂ ਪਾਠਾਂ ਬਾਰੇ ਕੋਈ ਗਲ ਕਰਨੀ ਹੈ ਤਾਂ ਕਰੋ ਬਾਕੀ ਦੇ ਬਚਨ ਤੁਸੀਂ ਕਿਸੇ ਹੋਰ ਸੱਜਣ ਨਾਲ ਕਰੋ।

ਪਿਛਲੇ ਹੋਲੇ ਤੋਂ ਹੀ ਅਸੀਂ ਬਹਿ ਕੇ ਪੁਰਾਣੀਆਂ ਯਾਦਾਂ ਤਾਜ਼ਾ ਕਰਦੇ ਰਹੇ ਕਾਫ਼ੀ ਦੇਰ ਤੱਕ ਪਰ ਕੀਹ ਪਤਾ ਸੀ ਇਹ ਸਾਡੀ ਆਖਰੀ ਮੁਲਾਕਾਤ ਸੀ।

ਉਹਨਾਂ ਦੇ ਚਲੇ ਜਾਨ ਦਾ ਪੰਥ ਨੂੰ ਤਾਂ ਘਾਟਾ ਪਿਆ ਹੀ ਹੈ ਮੈਂ ਵੀ ਜਿਵੇਂ ਉਹਨਾਂ ਦੇ ਨਾਲ ਅੱਧਾ ਕੁ ਚਲਾ ਗਿਆ ਹਾਂ।

ਇੰਜ ਲਗਦੈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਵਰਗੀ ਦਰਬਾਰ ਵਿਚ ਮਾਸਟਰ ਜੀ ਦੀ ਘਾਟ ਮਹਿਸੂਸ ਹੋ ਰਹੀ ਹੋਵੇਗੀ ਤਾਂ ਹੀ ਉਹਨਾਂ ਨੇ ਏਸ ਚੱਲਦੇ ਫਿਰਦੇ ਗੁਰਬਾਣੀ ਦੇ ਗਿਆਨੀ ਨੂੰ ਆਪਣੇ ਪਾਸ ਬੁਲਾਇਆ ਏ-

ਪੁਲਾਂ ਹੇਠੋਂ ਨਹਿਰ ਜਿਹੜੀ ਲੰਘ ਗਈ
ਪਰਤ ਕੇ ਉਹ ਫਿਰ ਕਦੇ ਨ ਆਏ ਗੀ,
ਤੁਰ ਗਿਆ ਇਕ ਵਾਰ ਜੋ ਸੰਸਾਰ ਤੋਂ
ਯਾਦ ਪਰ ਉਸਦੀ ਸਦਾ ਤੜਪਾਏ ਗੀ,
ਲੋਕ ਸਾਰੇ ਹਨ ਮੁਸਾਫ਼ਰ ਰੇਲ ਦੇ
ਕੁਦਰਤ ਸਭ ਦੀ ਹੀ ਟਿਕਟ ਕਟਵਾਏ ਗੀ,
ਵਾਰੀ ਵਾਰੀ ਉਤਰਨੇ ਸਭ ਰੇਲ ਤੋਂ
ਰੇਲ ਵਿਚ ਨ ਪੱਕੀ ਸੀਟ ਥਿਆਏ ਗੀ,
ਵਕਤ ਨੂੰ ਸੰਭਾਲ ਐ ਅਮਰੀਕ ਸਿੰਘ
ਕੋਈ ਸ਼ਕਤੀ ਵਕਤ ਨ ਰੁਕਵਾਏ ਗੀ।

ਮਾ. ਦਰਸ਼ਨ ਸਿੰਘ ਜੀ ਦੀ ਮਿੱਠੀ ਯਾਦ ਵਿਚ ਹੰਝੂ ਵਗਾਂਦਿਆਂ ਤੇ ਅੰਤਰ ਮਨੋ ਹੌਕੇ ਭਰਦਿਆਂ।

ਗੁਰਬਾਣੀ ਦਾ ਚਲਦਾ ਫਿਰਦਾ ਵਿਸ਼ਵਕੋਸ਼

– ਜਸਵੰਤ ਸਿੰਘ ਮਸਤ

ਮਾਸਟਰ ਦਰਸ਼ਨ ਸਿੰਘ ਜੀ ਜੋ ਸਾਨੂੰ ਪਿਛਲੀ ਦਿਨੀਂ ਸਦਾ ਲਈ ਅਲਵਿਦਾ ਕਹਿ ਗਏ। ਜੇ ਉਨ੍ਹਾਂ ਬਾਰੇ ਇੱਕ ਵਾਕ ਵਿੱਚ ਕੁਝ ਕਹਿਣਾ ਹੋਵੇ ਤਾਂ ਉਨ੍ਹਾਂ ਨੂੰ ਗੁਰਬਾਣੀ ਦਾ ਤੁਰਦਾ-ਫਿਰਦਾ ਵਿਸ਼ਵਕੋਸ਼ ਕਿਹਾ ਜਾ ਸਕਦਾ ਹੈ। ਉਨ੍ਹਾਂ ਤੋਂ ਜਦੋਂ ਮਰਜੀ ਜਿੱਥੇ ਮਰਜੀ ਗੁਰਬਾਣੀ ਬਾਰੇ ਕੁਝ ਪੁੱਛਿਆ ਜਾਂਦਾ ਤਾਂ ਉਸੇ ਵੇਲੇ ਦੱਸ ਦਿੰਦੇ।

ਕਿਸੇ ਨੇ ਗੁਰਬਾਣੀ ਦੀ ਕੋਈ ਤੁਕ ਅਧੂਰੀ ਪੜ ਦੇਣੀ ਜਾਂ ਕਿਸੇ ਨੇ ਪੁੱਛ ਲੈਣਾ ਤਾਂ ਉਨ੍ਹਾਂ ਝੱਟ ਪੂਰੀ ਤੁਕ ਦੱਸ ਦੇਣੀ। ਜੇ ਕਿਸੇ ਨੇ ਅਰਥ ਪੁੱਛਣਾ ਤਾਂ ਉਨ੍ਹਾਂ ਉਹ ਵੀ ਉਸੇ ਵੇਲੇ ਦੱਸ ਦੇਣਾ। ਉਹਨਾਂ ਗੁਰਬਾਣੀ ਸਿੱਖੀ ਵੀ ਰੀਝ ਨਾਲ ਤੇ ਸਾਰੀ ਉਮਰ ਸਿਖਾਈ ਵੀ ਉਸੇ ਰੀਝ ਨਾਲ। ਨਾਮਧਾਰੀ ਰਾਗੀ, ਪ੍ਰਚਾਰਕਾਂ ਤੋਂ ਇਲਾਵਾ ਉਨ੍ਹਾਂ ਬਹੁਤ ਸਾਰੀ ਆਮ ਸੰਗਤ ਨੂੰ ਵੀ ਗੁਰਬਾਣੀ ਸਿਖਾਈ। ਮਾਸਟਰ ਜੀ ਲਗਭਗ 80 ਸਾਲ ਦੇ ਹੋ ਚੁੱਕੇ ਸਨ ਤੇ ਇਸ ਉਮਰ ਵਿੱਚ ਵੀ ਜਦ ਕਿਸੇ ਨੇ ਕਹਿਣਾ ਕਿ ਮੈਨੂੰ ਗੁਰਬਾਣੀ ਸਿਖਾ ਦਿਓ ਉਨ੍ਹਾਂ ਝੱਟ ਹਾਂ ਕਹਿ ਦੇਣਾ। ਉਨ੍ਹਾਂ ਗੁਰਬਾਣੀ ਸਿਖਾਉਣ ਸਮੇਂ ਕਦੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ, ਭਾਵੇਂ ਕੋਈ ਗਰੀਬ ਹੋਵੇ ਤੇ ਭਾਵੇਂ ਕੋਈ ਅਮੀਰ, ਕੋਈ ਆਮ ਸਿੱਖ ਦਾ ਬੱਚਾ ਹੋਵੇ ਜਾਂ ਕਿਸੇ ਆਗੂ ਦਾ।

ਉਨ੍ਹਾਂ ਨੇ ਗੁਰੂ ਹਰੀ ਸਿੰਘ ਮਹਾਂਵਿਦਿਆਲਾ (ਜੀਵਨ ਨਗਰ) ਅਤੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਵਿਖੇ ਵੀ ਗੁਰਬਾਣੀ ਸਿਖਾਉਣ ਦੀ ਸੇਵਾ ਨਿਭਾਈ।

ਮਾਸਟਰ ਜੀ ਨੂੰ ਸਤਿਗੁਰੂ ਉਦੇ ਸਿੰਘ ਜੀ ਨੂੰ ਵੀ ਗੁਰਬਾਣੀ ਸੰਥਿਆ ਦੇਣ ਦਾ ਮਾਣ ਹਾਸਿਲ ਹੈ।

ਮਾਸਟਰ ਜੀ ਨੇ ਆਪਣੀਆਂ ਗ੍ਰਿਹਸਥੀ ਜੀਵਨ ਦੀਆਂ ਜ਼ਿੰਮੇਵਾਰੀਆਂ ਵੀ ਬਾਖੂਬੀ ਨਿਭਾਈਆਂ। ਮਾਸਟਰ ਜੀ ਦੇ ਸਾਰੇ ਬੱਚੇ ਆਪੋ ਆਪਣੇ ਪਰਿਵਾਰਾਂ ਵਿਚ ਵਧੀਆ ਜ਼ਿੰਦਗੀ ਗੁਜ਼ਾਰ ਰਹੇ ਹਨ। ਸਰਦਾਰ ਸਿੰਘ ਨੂੰ ਹਾਕੀ ਜਗਤ ਵਿਚ ਚਮਕਦਾ ਸਿਤਾਰਾ ਬਣਾਉਣ ਪਿੱਛੇ ਵੀ ਮਾਸਟਰ ਜੀ ਦੀ ਸਖ਼ਤ ਘਾਲਣਾ ਛੁਪੀ ਹੋਈ ਹੈ।

ਇਸ ਸਭ ਤੋਂ ਇਲਾਵਾ ਮਾਸਟਰ ਜੀ ਦੇ ਵੱਡੇ ਤੇ ਯਾਦ ਰੱਖਣ ਯੋਗ ਕੰਮ ਇਹ ਹਨ :-

ਉਨ੍ਹਾਂ ਨੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਅਤੇ ਨਿਤਨੇਮੀ ਬਾਣੀਆਂ ਦੀ ਰਿਕਾਰਡਿੰਗ ਕਰਵਾਈ। ਜੋ ਹਰ ਨਾਮਧਾਰੀ ਦੇ ਘਰ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਪੁੱਜੀ।

ਹੁਣ ਮਾਸਟਰ ਜੀ ਸੰਤ ਨਿਸ਼ਾਨ ਸਿੰਘ ਜੀ ਅਤੇ ਕੁਝ ਹੋਰ ਸੱਜਣਾਂ ਦੇ ਸਹਿਯੋਗ ਨਾਲ ਦਸਮ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਛਪਵਾਉਣ ਲਈ ਲਗਾਤਾਰ ਮਿਹਨਤ ਕਰ ਰਹੇ ਸਨ। ਸ੍ਰੀ ਦਸਮ ਗ੍ਰੰਥ ਸਾਹਿਬ ਦੀ ਪਹਿਲੀ ਸੈਂਚੀ ਤਾਂ ਸਾਧ ਸੰਗਤ ਦੇ ਹੱਥਾਂ ਵਿੱਚ ਪਹੁੰਚ ਚੁੱਕੀ ਹੈ ਤੇ ਦੂਸਰੀ ਸੈਂਚੀ ਜਲਦ ਹੀ ਸਾਧ ਸੰਗਤ ਦੇ ਹੱਥਾਂ ਵਿੱਚ ਆਉਣ ਵਾਲੀ ਸੀ।

ਆਉਣ ਵਾਲੇ ਸਮੇਂ ਵਿੱਚ ਮਾਸਟਰ ਜੀ ਗੁਰਬਾਣੀ ਖ਼ੋਜ ਦੇ ਹੋਰ ਪ੍ਰੋਜਕਟਾਂ ਤੇ ਵੀ ਕੰਮ ਕਰਨ ਵਾਲੇ ਸਨ, ਪਰ ਸਮੇਂ ਨੇ ਸਾਥ ਨਾ ਦਿੱਤਾ ਤੇ ਉਹ ਗੁਰਬਾਣੀ ਦਾ ਬਹੁਤ ਸਾਰਾ ਗਿਆਨ ਆਪਣੇ ਨਾਲ ਹੀ ਲੈਕੇ ਚਲੇ ਗਏ।

ਇਸ ਸਾਰੇ ਸਮੇਂ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਸਦਾ ਹੀ ਉਨ੍ਹਾਂ ਦੇ ਸਿਰ 'ਤੇ ਬਣੀ ਰਹੀ।

ਮਾਸਟਰ ਜੀ ਸੁਭਾਅ ਪੱਖੋਂ ਅਤਿ ਮਿਲਾਪੜੇ, ਮਿੱਠੇ ਬੋਲੜੇ ਅਤੇ ਮੁਸੀਬਤਾਂ ਦਾ ਹੱਸ ਕੇ ਮੁਕਾਬਲਾ ਕਰਨ ਵਾਲੇ ਸਨ। ਗੁਰਬਾਣੀ ਦੇ ਮਹਾਂ ਵਿਦਵਾਨ ਹੋਣ ਦੇ ਬਾਵਜੂਦ ਉਨ੍ਹਾਂ ਕਦੇ ਕਿਣਕਾ ਮਾਤਰ ਵੀ ਹੰਕਾਰ ਨਹੀਂ ਕੀਤਾ। ਕਿਸੇ ਨੇ ਕੋਈ ਕੌੜਾ ਬੋਲ ਵੀ ਬੋਲਣਾ ਉਨ੍ਹਾਂ ਤਾਂ ਵੀ ਅੱਗੋਂ ਪਿਆਰ ਨਾਲ ਹੀ ਜਵਾਬ ਦੇਣਾ। ਜਦੋਂ ਵੀ ਮਾਸਟਰ ਜੀ ਨੂੰ ਮਿਲਣਾ ਉਨ੍ਹਾਂ ਸਦਾ ਹੱਸਦੇ ਦੇ ਹੱਸਦੇ ਹੋਣਾ। ਉਹ ਬੱਚਿਆਂ ਨਾਲ ਬੱਚੇ ਹੁੰਦੇ ਤੇ ਵੱਡਿਆਂ ਨਾਲ ਵੱਡੇ।

ਮਾਸਟਰ ਜੀ ਨੇ ਜਦ ਕਦੇ ਜਿੰਦਗੀ ਵਿਚ ਕੰਮ ਆਉਣ ਵਾਲੀ ਸਿੱਖਿਆ ਦੀ ਗੱਲ ਕਰਨੀ ਤਾਂ ਉਨ੍ਹਾਂ ਕਹਿਣਾ ਕਿ "ਮੈਂ ਤਾਂ ਗੁਰਬਾਣੀ ਤੋਂ ਇਹੋ ਸਿੱਖਿਆ ਹੈ, ਵੀ, ਜੇ ਬੰਦਾ ਧਿਆਨ ਨਾਲ ਗੁਰਬਾਣੀ ਪੜੇ ਅਤੇ ਇਸ ਨੂੰ ਮਨ ਵਿੱਚ ਵਸਾ ਲਏ ਤਾਂ ਜ਼ਿੰਦਗੀ ਸੁੱਖ ਨਾਲ ਲੰਘਦੀ ਹੈ ਤੇ ਬੰਦਾ ਬੁਰੇ ਕੰਮ ਕਰਨ ਤੋਂ ਬਚਿਆ ਰਹਿੰਦਾ ਹੈ।"

ਸੰਪ: 98550-58178

ਕਾਵਿ ਸ਼ਰਧਾਂਜ਼ਲੀ

ਦਰਸਨੁ ਪੜਿ ਅਪਨਾਇਆ ਦਰਸਨ।
ਦਰਸਨ ਵਿਚਿ ਸਮਾਇਆ ਦਰਸਨ।
ਮੁੜ ਕੇ ਫੇਰ ਦਰਸ ਨ ਹੋਣਾ।
ਪਰਸਨ ਜਗ ਤਾਂ ਆਇਆ ਦਰਸਨ।

ਗਹਿਰ ਗੰਭੀਰਾ ਗੁਣੀ ਗਹੀਰਾ ਸੁਘੜ ਸਰੂਪ ਪਿਆਰਾ।
ਯਾਰਾਂ ਵਰਗਾ ਬਾਪੂ ਸਾਡਾ ਪ੍ਰੀਤਾਂ ਦਾ ਵਣਜਾਰਾ।
ਧਰਤੀ ਵਰਗਾ ਜੇਰਾ ਜਿਸਦਾ ਮਿਸ਼ਰੀ ਤੋਂ ਮਿਠਬੋਲਾ।
ਕਾਲ ਬਲੀ ਨੇ ਖੋਹਿਆ ਸਾਥੋਂ ਨਾ ਚਲਿਆ ਕੋਈ ਚਾਰਾ।

–ਸੰਤ ਨਿਸ਼ਾਨ ਸਿੰਘ ਕਥਾਕਾਰ

ਪਾਣੀ ਵਾਂਗ ਰਵਾਨਗੀ, ਤੇ ਰੱਖਦੇ ਇਕੋ ਚਾਲ ।
ਬਾਣੀ ਸ਼ੁੱਧ ਉਚਾਰਦੇ, ਉਹ ਲਗਾਂ ਮਾਤਰਾ ਨਾਲ।
ਬਹੁਤੀ ਘਾਲੀ ਘਾਲਣਾ, ਤੇ ਕੀਤਾ ਸੀ ਅਭਿਆਸ।
ਰਸਨਾ ਉਤੇ ਜਾਪਦਾ ਸੀ, ਸਰਸਵਤੀ ਦਾ ਵਾਸ।
ਬਾਣੀ ਕੰਠ ਅਥਾਹ ਸੀ, ਤੇ ਅਰਥ ਭਾਵ ਦਾ ਗਿਆਨ।
ਢੋਲਕ ਛੈਣੇ ਵੱਜਦੇ, ਵਾਰ ਆਸਾ ਦੀ ਲਾਣ।
ਵਿਦਿਆ ਅਰਥੀ ਆਏ ਜੋ, ਕੀਤਾ ਨਾ ਇਨਕਾਰ।
ਖੁੱਲ੍ਹੇ ਦਿਲ ਸੀ ਵੰਡਿਆ, ਜੋ ਵਿੱਦਿਆ ਭੰਡਾਰ।
ਛੋਟਾ-ਵੱਢਾ ਕੋਈ ਵੀ ਜਾਂ ਚੱਲ ਕੇ ਆਇਆ ਕੋਲ।
ਬੁਲਾਇਆ ਉਸ ਨੂੰ ਹੱਸ ਕੇ, ਤੇ ਬੋਲੇ ਮਿੱਠੇ ਬੋਲ।
ਸਾਦਾ ਜੀਵਣ ਜੀ ਗਏ, ਕਦੇ ਨਾ ਕੀਤਾ ਮਾਣ।
ਦੱਸ ਗਏ ਗੁਣ ਹੁੰਦਿਆਂ, ਇੰਝ ਹੋਈਏ ਨਿਰਮਾਣ।

–ਜਥੇਦਾਰ ਕਮਾਲ ਸਿੰਘ



ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ
ਹਜ਼ੂਰੀ ਵਿੱਚ ਮਾ. ਦਰਸ਼ਨ ਸਿੰਘ ਜੀ ਸਲੋਕ ਪੜ੍ਹਦੇ ਹੋਏ।



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ
ਮਾ. ਦਰਸ਼ਨ ਸਿੰਘ ਜੀ ਵਾਰਾ ਲਾਉਂਦੇ ਹੋਏ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮਾ. ਦਰਸ਼ਨ ਸਿੰਘ ਜੀ ਦੇ
ਸਿਖਿਆਰਥੀ ਸ਼ਬਦ-ਕੀਰਤਨ ਸੁਣਾਉਂਦੇ ਹੋਏ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ
ਮਾ.ਦਰਸ਼ਨ ਸਿੰਘ ਜੀ ਜਥੇ ਨਾਲ ਵਾਰਾ ਸਜਾਉਂਦੇ ਹੋਏ।



ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਦੌਰਾਨ ਸ੍ਰੀ ਸਤਿਗੁਰੂ ਜੀ ਦੀ
ਹਜ਼ੂਰੀ ਵਿੱਚ ਮਾ. ਦਰਸ਼ਨ ਸਿੰਘ ਜੀ ਹੁਕਨਾਮਿਆਂ
ਦੀ ਕਥਾ ਕਰਦੇ ਹੋਏ।



ਸਤਿਗੁਰ ਕੀ ਸੇਵਾ ਸੋ ਕਰੇ
ਜਿਸੁ ਬਿਨਸੈ ਹਉਮੈ ਤਾਪੁ॥



ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸਰਦਾਰ ਸਿੰਘ
ਆਪਣੇ ਨਾਨਾ ਮਾ. ਦਰਸ਼ਨ ਸਿੰਘ ਜੀ ਨਾਲ
ਸਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ।



ਮਾ. ਦਰਸ਼ਨ ਸਿੰਘ ਜੀ ਵਿਦਿਅਕ ਸੰਮੇਲਨ ਦੌਰਾਨ
ਜਜਮੈਂਟ ਕਰਦੇ ਹੋਏ।



ਸੰਨ 2006 ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਮਾ. ਦਰਸ਼ਨ ਸਿੰਘ ਜੀ ਨੂੰ ਸਨਮਾਨ ਚਿੰਨ੍ਹ ਨਾਲ ਨਿਵਾਜਦੇ ਹੋਏ।



ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਸਮੇਂ
ਮਾ. ਦਰਸ਼ਨ ਸਿੰਘ ਜੀ ਕਥਾ ਕਰਦੇ ਹੋਏ।



ਮਾਰਚ 2019 ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਮਾਸਟਰ ਜੀ ਵੱਲੋਂ
ਦਸਮ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਸੈਂਚੀ ਸ੍ਰੀ ਸਤਿਗੁਰੂ ਜੀ ਰਿਲੀਜ਼ ਕਰਦੇ ਹੋਏ।

ਮਾਸਟਰ ਦਰਸ਼ਨ ਸਿੰਘ ਜੀ ਮਿਲਾਪੜੀ, ਨਿੱਘੀ ਅਤੇ ਹਰਮਨ ਪਿਆਰੀ ਸ਼ਖ਼ਸੀਅਤ ਸਨ, ਆਪ ਦਾ ਦਰਮਿਆਨਾ ਕੱਦ, ਗੋਰਾ ਰੰਗ, ਸਫੈਦ ਗੋਲ ਦਾਹੜਾ, ਸਾਦਾ ਗੁਰਮੁਖੀ ਪਹਿਰਾਵਾ, ਚਾਲ ਵਿਚ ਮਸਤ ਰਵਾਨਗੀ, ਮਨ- ਮਸਤਕ ਵਿਚ ਗੁਰਬਾਣੀ ਗਿਆਨ, ਰਸਨਾ ਤੇ ਨਾਮ, ਹਿਰਦੇ ਵਿਚ ਗੁਰ ਮੂਰਤਿ ਅਤੇ ਮੁੱਖ ਮੰਡਲ ਤੇ ਧੀਰਜ, ਸ਼ਾਂਤੀ ਅਤੇ ਮੁਸਕਾਨ। ਨਾ ਕਿਸੇ ਤੋਂ ਅੱਗੇ ਲੰਘਣ ਦੀ ਲਾਲਸਾ, ਨਾ ਕਿਸੇ ਨੂੰ ਪਛਾੜਨ ਦੀ ਸੋਚ, ਵੱਡਿਆਂ-ਛੋਟਿਆਂ ਸਭ ਲਈ ਪਿਆਰ ਅਤੇ ਸਤਿਕਾਰ ਭਰੇ ਮਿੱਠੇ ਬੋਲ, ਨਿਰਲੇਪ ਗ੍ਰਿਸਹਤੀ, ਕਿਰਤੀ, ਉੱਦਮੀ ਅਤੇ ਸਫਲ ਅਧਿਆਪਕ ਜਿਨ੍ਹਾਂ ਨੂੰ ਗਿਆਨ ਵੰਡਣ ਦਾ ਚਾਅ ਅਤੇ ਗੁਰ ਦਰ ਪ੍ਰਵਾਨ ਹੋਣ ਦੀ ਰੀਝ ਸੀ, ਕੀਰਤਨ ਦੇ ਰਸੀਏ, ਵਾਰੇ ਦੀ ਸ਼ਾਨ, ਗੁਰਬਾਣੀ ਦਾ ਸ਼ੁੱਧ ਉਚਾਰਨ ਕਰਨ ਵਾਲੇ ਰਸੀਲੇ ਪਾਠੀ, ਵਿਧਵਤਾ ਅਤੇ ਨਿਰਮਾਣਤਾ ਦਾ ਮੁਜੱਸਮਾ, ਸ੍ਰੀ ਭੈਣੀ ਸਾਹਿਬ ਨੂੰ ਆਪਣਾ ਘਰ, ਸਾਧ ਸੰਗਤ ਨੂੰ ਪ੍ਰਵਾਰ ਅਤੇ ਆਪਣੇ ਸਤਿਗੁਰੂ ਨੂੰ ਮਾਤ-ਪਿਤਾ ਸਮਝਣ ਵਾਲੇ-

ਨਾਮਧਾਰੀ ਪੰਥ ਦੇ ਅਨਮੋਲ ਰਤਨ ਸਨ-

ਮਾਸਟਰ ਦਰਸ਼ਨ ਸਿੰਘ ਜੀ